Excellence in Agri Info

KHETI DUNIYAN, PATIALA

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

Rs.10/-

# ਖੇਤੀ ਦੁਨੀਆਂ

www.khetiduniyan.in

Postage Regd. No. PB/PTA/0338/2025-2027

Editor : Jagpreet Singh • RNI/PUNPUN00806 • Issue Dated 06-12-2025 • Vol.43 No.49 • M. 90410-14575 • Page 16 E-mail : khetiduniyan1983@gmail.com



ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ

ਖੇਤੀ ਦੁਨੀਆਂ ਦੇ ਮੈਂਬਰ ਬਣੋ

ਇੱਕ ਸਾਲ ਲਈ 400/- ਰੁਪਏ

ਦੋ ਸਾਲ ਲਈ 700/- ਰੁਪਏ

ਚੰਦੇ ਭਰਨ ਲਈ QR ਕੋਡ ਸਕੈਨ ਕਰੋ।


# ਕਣਕ ਵਿੱਚ ਮੈਂਗਨੀਜ਼ ਤੱਤ ਦੀ ਘਾਟ ਨੂੰ ਪੂਰਾ ਕਰਨ ਲਈ ਜ਼ਰੂਰੀ ਸੁਝਾਅ

ਮੈਂਗਨੀਜ਼ ਤੱਤ ਨੂੰ ਪੌਦਿਆਂ ਦੇ ਵਾਧੇ ਲਈ ਮਹੱਤਵਪੂਰਨ ਮੰਨਿਆ ਗਿਆ ਹੈ । ਪੰਜਾਬ ਦੀਆਂ ਰੇਤਲੀਆਂ ਜ਼ਮੀਨਾਂ ਵਿੱਚ ਬੀਜੀ ਕਣਕ ਵਿੱਚ ਮੈਂਗਨੀਜ਼ ਦੀ ਘਾਟ ਤੇਜ਼ੀ ਨਾਲ ਉੱਭਰ ਰਹੀ ਹੈ, ਖਾਸ ਤੌਰ ਤੇ ਜਿੱਥੇ ਝੋਨਾ-ਕਣਕ ਦੀ ਫ਼ਸਲੀ ਪ੍ਰਣਾਲੀ ਲੰਮੇ ਸਮੇਂ ਤੋਂ ਚੱਲਣ ਕਾਰਨ ਬਰਸਾਤ ਦੇ ਮੌਸਮ ਵਿੱਚ ਘੁਲਣਸ਼ੀਲ ਮੈਂਗਨੀਜ਼ ਹੇਠਾਂ ਚਲੀ ਜਾਂਦੀ ਹੈ, ਝੋਨੇ ਦੀ ਕਾਸ਼ਤ ਸਮੇਂ ਕੱਦੂ ਕਰਕੇ ਮੈਂਗਨੀਜ਼ ਦੀ ਘੁਲਣਸ਼ੀਲਤਾ ਕਾਫ਼ੀ ਵੱਧ ਜਾਂਦੀ ਹੈ ਅਤੇ ਕਣਕ ਦੀ ਫ਼ਸਲ ਨੂੰ ਘਾਟ ਦਾ ਸਾਹਮਣਾ ਕਰਨਾ ਪੈਂਦਾ ਹੈ ।

### ਪੌਦਿਆਂ ਦੇ ਵਾਧੇ ਵਿੱਚ ਮੈਂਗਨੀਜ਼ ਦੀ ਭੂਮਿਕਾ ਅਤੇ ਕਣਕ ਵਿੱਚ ਮੈਂਗਨੀਜ਼ ਦੀ ਘਾਟ ਦੇ ਕਾਰਨ

ਫ਼ਸਲਾਂ ਨੂੰ ਮੈਂਗਨੀਜ਼ ਦੀ ਲੋੜ ਹੁੰਦੀ ਹੈ ਕਿਉਂਕਿ ਇਹ ਪ੍ਰਕਾਸ਼ ਸੰਸ਼ਲੇਸ਼ਣ ਵਰਗੀਆਂ ਪ੍ਰਕਿਰਿਆਵਾਂ ਲਈ ਮਹੱਤਵਪੂਰਨ ਹੈ । ਮੈਂਗਨੀਜ਼ ਤੱਤ ਪਾਣੀ ਦੇ ਅਣੂਆਂ ਦੇ ਫੋਟੋਲਾਈਸਿਸ (ਪ੍ਰਕਾਸ਼ ਨਾਲ ਤੋੜਨਾ) ਵਿੱਚ ਮਦਦ ਕਰਦਾ ਹੈ ਅਤੇ ਪ੍ਰਕਾਸ਼ ਸੰਸ਼ਲੇਸ਼ਣ ਲਈ ਊਰਜਾ ਪ੍ਰਦਾਨ ਕਰਦਾ ਹੈ । ਇਸ ਲਈ, ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਮੈਂਗਨੀਜ਼ ਦੀ ਘਾਟ ਪ੍ਰਕਾਸ਼ ਸੰਸ਼ਲੇਸ਼ਣ ਕਿਰਿਆ ਨੂੰ ਕਾਫ਼ੀ ਹੱਦ ਤੱਕ ਵਿਗਾੜ ਦਿੰਦੀ ਹੈ । ਹੇਠਾਂ ਦਿੱਤੇ ਕਾਰਨਾਂ ਨੂੰ ਮਿੱਟੀ ਵਿੱਚ ਮੈਂਗਨੀਜ਼ ਦੀ ਘਾਟ ਦੇ ਕਾਰਨਾਂ ਵਜੋਂ ਪਛਾਣਿਆ ਗਿਆ ਹੈ :

1. ਲਕੀ-ਬਣਤਰ ਵਾਲੀ ਮਿੱਟੀ ਜਿੱਥੇ ਕਈ ਸਾਲਾਂ ਤੋਂ ਝੋਨਾ-ਕਣਕ ਦਾ ਫ਼ਸਲੀ ਚੱਕਰ ਚਲਦਾ ਹੋਵੇ ।



2. ਪੌਦਿਆਂ ਦੇ ਵਾਧੇ ਲਈ ਮਿੱਟੀ ਵਿੱਚ ਲੋੜੀਂਦੇ ਪੱਧਰ ਤੋਂ ਘੱਟ ਮਾਤਰਾ (3.5 ਕਿਲੋਗ੍ਰਾਮ ਪ੍ਰਤੀ ਏਕੜ ਤੋਂ ਘੱਟ) ।

3. ਜ਼ਿਆਦਾ ਪੈਦਾਵਾਰ ਵਾਲੀਆਂ ਫ਼ਸਲਾਂ ਦੁਆਰਾ ਮਿੱਟੀ ਵਿੱਚੋਂ ਲਗਾਤਾਰ ਮੈਂਗਨੀਜ਼ ਨੂੰ ਖਿੱਚਣਾ ।

4. ਸੰਘਣੀ ਖੇਤੀ ਲਈ ਵੱਧ ਝਾੜ ਵਾਲੀਆਂ ਕਿਸਮਾਂ ਦੀ ਕਾਸ਼ਤ ਸਮੇਂ ਉੱਚ ਵਿਸ਼ਲੇਸ਼ਣ ਸੂਖਮ ਤੱਤਾਂ ਤੋਂ ਰਹਿਤ ਖਾਦਾਂ ਦੀ ਵਰਤੋਂ ਕਰਨਾ ।

5. ਖਾਰੀਆਂ ਅਤੇ ਘੱਟ ਜੈਵਿਕ ਮਾਦੇ ਵਾਲੀਆਂ ਜ਼ਮੀਨਾਂ ਵਿੱਚ ਜ਼ਿਆਦਾ ਘਾਟ ਪਾਈ ਜਾਂਦੀ ਹੈ ।

### ਕਣਕ ਵਿੱਚ ਮੈਂਗਨੀਜ਼ ਦੀ ਘਾਟ ਦੇ ਲੱਛਣ ਅਤੇ ਉਪਚਾਰਕ ਨੁਕਤੇ

ਮੈਂਗਨੀਜ਼ ਦੀ ਘਾਟ ਦੀਆਂ ਨਿਸ਼ਾਨੀਆਂ ਕਣਕ ਦੇ ਬੂਟੇ ਦੇ ਵਿਚਕਾਰਲੇ ਪੱਤਿਆਂ ਦੀਆਂ ਨਾੜੀਆਂ ਦੇ ਦਰਮਿਆਨ ਹਲਕੇ ਪੀਲੇ ਸਲੇਟੀ ਰੰਗ ਤੋਂ ਗੁਲਾਬੀ ਭੂਰੇ ਰੰਗ ਦੇ ਧੱਬਿਆਂ ਦੇ ਰੂਪ ਵਿੱਚ ਦਿਖਾਈ ਦਿੰਦੀਆਂ ਹਨ । ਇਹ ਧੱਬੇ ਪੱਤਿਆਂ ਦੇ ਮੁੱਢ ਵਾਲੇ 2/3 ਹਿੱਸੇ ਵਿੱਚ ਜ਼ਿਅਦਾ ਹੁੰਦੇ ਹਨ । ਬਾਅਦ ਵਿੱਚ ਇਹ ਧੱਬੇ ਨਾੜੀਆਂ ਵਿਚਕਾਰ, ਜਿਹੜੀਆਂ ਕਿ ਹਰੀਆਂ ਰਹਿੰਦੀਆਂ ਹਨ, ਇਕੱਠੇ ਹੋ ਕੇ ਇੱਕ ਲੰਮੀ ਧਾਰੀ ਦਾ ਆਕਾਰ ਧਾਰਨ ਕਰ ਲੈਂਦੇ ਹਨ । ਬਹੁਤ ਜ਼ਿਆਦਾ ਘਾਟ ਆਉਣ ਨਾਲ ਬੂਟੇ ਬਿਲਕੁਲ ਸੁੱਕ ਜਾਂਦੇ ਹਨ । ਸਿੱਟੇ ਨਿੱਕਲਣ ਸਮੇਂ, ਘਾਟ ਦੀਆਂ ਨਿਸ਼ਾਨੀਆਂ ਟੀਸੀ ਦੇ ਪੱਤੇ ਤੇ ਸਾਫ਼ ਦਿਖਾਈ ਦਿੰਦੀਆਂ ਹਨ । ਇਸ ਲਈ ਮੈਂਗਨੀਜ਼ ਦੀ ਘਾਟ ਵਾਲੀਆਂ ਜ਼ਮੀਨਾਂ ਵਿੱਚ 0.5% ਮੈਂਗਨੀਜ਼ ਸਲਫ਼ੇਟ (ਇੱਕ ਕਿਲੋ ਮੈਂਗਨੀਜ਼ ਸਲਫ਼ੇਟ 200 ਲਿਟਰ ਪਾਣੀ ਵਿੱਚ) ਦਾ ਇੱਕ ਛਿੜਕਾਅ ਕਣਕ ਨੂੰ ਪਹਿਲੇ ਪਾਣੀ ਤੋਂ 2-4 ਦਿਨ ਪਹਿਲਾਂ ਅਤੇ 3 ਛਿੜਕਾਅ ਹਫ਼ਤੇ-ਹਫ਼ਤੇ ਦੇ ਫ਼ਰਕ ਦੇ ਫ਼ਰਕ ਨਾਲ ਧੁੱਪ ਵਾਲੇ ਦਿਨਾਂ ਵਿੱਚ ਕਰੋ । ਮੈਂਗਨੀਜ਼ ਸਲਫੇਟ ਦਾ ਸਿਰਫ਼ ਛਿੜਕਾਅ ਕਰਨਾ ਚਾਹੀਦਾ ਹੈ ਕਿਉਂਕਿ ਇਸ ਦੀ ਮਿੱਟੀ ਵਿੱਚ ਸਿਧੀ ਵਰਤੋਂ ਲਾਭਦਾਇਕ ਨਹੀਂ ਹੈ ।


**ਅਸ਼ੋਕ ਕੁਮਾਰ ਗਰਗ ਅਤੇ ਪ੍ਰਦੀਪ ਕੁਮਾਰ,**
**ਪੀ. ਏ. ਯੂ.-ਫਾਰਮ ਸਲਾਹਕਾਰ ਸੇਵਾ ਕੇਂਦਰ,**
**ਸੰਗਰੂਰ** (ਮੋ. 950 18-55223)


**ਕੇਂਦਰੀ ਤੇ ਉੱਤਰ-ਪੱਛਮੀ ਭਾਰਤ ਵਿੱਚ ਪਵੇਗੀ ਕੜਾਕੇ ਦੀ ਠੰਢ**

## ਪੰਜਾਬ ਤੇ ਹਰਿਆਣਾ ਸਣੇ ਕਈ ਸੂਬਿਆਂ ਵਿੱਚ ਵੱਧ ਦਿਨ ਚੱਲੇਗੀ ਸੀਤ ਲਹਿਰ

ਪੰਜਾਬ ਸਮੇਤ ਭਾਰਤ ਵਿੱਚ ਦਸੰਬਰ ਮਹੀਨੇ ਦੇ ਚੜ੍ਹਨ ਦੇ ਨਾਲ ਹੀ ਠੰਢ ਨੇ ਜ਼ੋਰ ਫੜਨਾ ਸ਼ੁਰੂ ਕਰ ਦਿੱਤਾ ਹੈ । ਪੰਜਾਬ ਵਿੱਚ ਧੁੰਦ ਵੀ ਪੈਣੀ ਸ਼ੁਰੂ ਹੋ ਗਈ । ਭਾਰਤੀ ਮੌਸਮ ਵਿਭਾਗ (ਆਈ ਐੱਮ ਡੀ) ਅਨੁਸਾਰ ਸਰਦੀਆਂ ਦੌਰਾਨ ਕੇਂਦਰੀ ਭਾਰਤ ਅਤੇ ਇਸ ਦੇ ਨਾਲ ਲੱਗਦੇ ਉੱਤਰ-ਪੱਛਮੀ ਤੇ ਪ੍ਰਾਇਦੀਪੀ ਖੇਤਰਾਂ ਵਿੱਚ ਤਾਪਮਾਨ ਆਮ ਜਾਂ ਇਸ ਤੋਂ ਹੇਠਾਂ ਰਹਿਣ ਦੀ ਸੰਭਾਵਨਾ ਹੈ । ਮੌਸਮ ਵਿਭਾਗ ਦੇ ਡਾਇਰੈਕਟਰ ਜਨਰਲ ਮ੍ਰਿਤੁੰਜੈ ਮਹਾਪਾਤਰਾ ਨੇ ਪ੍ਰੈੱਸ ਕਾਨਫ਼ਰੰਸ ਦੌਰਾਨ ਦੱਸਿਆ ਕਿ ਸਰਦੀਆਂ ਦੇ ਤਿੰਨ ਮਹੀਨਿਆਂ (ਦਸੰਬਰ ਤੋਂ ਫਰਵਰੀ) ਦੌਰਾਨ ਉੱਤਰੀ ਭਾਰਤ ਵਿੱਚ ਕੜਾਕੇ ਦੀ ਠੰਢ ਪੈ ਸਕਦੀ ਹੈ । ਹਾਲਾਂਕਿ ਪੱਛਮੀ ਹਿਮਾਲਿਆ ਖੇਤਰ, ਉੱਤਰ-ਪੂਰਬੀ ਸੂਬਿਆਂ ਅਤੇ ਪੂਰਬੀ ਤੇ ਪੱਛਮੀ ਭਾਰਤ ਦੇ ਕੁੱਝ ਹਿੱਸਿਆਂ ਵਿੱਚ ਵੱਧ ਤੋਂ ਵੱਧ ਤਾਪਮਾਨ ਆਮ ਨਾਲੋਂ ਜ਼ਿਆਦਾ ਰਹਿ ਸਕਦਾ ਹੈ ।

ਵਿਭਾਗ ਮੁਤਾਬਕ ਰਾਜਸਥਾਨ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਹਰਿਆਣਾ, ਪੰਜਾਬ ਅਤੇ ਮਹਾਰਾਸ਼ਟਰ ਦੇ ਕੁੱਝ ਹਿੱਸਿਆਂ ਵਿੱਚ ਸ਼ੀਤ ਲਹਿਰ ਦਾ ਅਸਰ ਆਮ ਦਿਨਾਂ ਦੇ ਮੁਕਾਬਲੇ ਚਾਰ ਤੋਂ ਪੰਜ ਦਿਨ ਵੱਧ ਰਹਿ ਸਕਦਾ ਹੈ । ਆਮ ਤੌਰ ’ਤੇ ਦਸੰਬਰ ਤੋਂ ਫਰਵਰੀ ਦਰਮਿਆਨ ਇਨ੍ਹਾਂ ਖੇਤਰਾਂ ਵਿੱਚ ਚਾਰ ਤੋਂ ਛੇ ਦਿਨ ਸੀਤ ਲਹਿਰ ਚੱਲਦੀ ਹੈ ।

ਮਹਾਪਾਤਰਾ ਨੇ ਦੱਸਿਆ ਕਿ ਦੇਸ਼ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਵੱਧ ਤੋਂ ਵੱਧ ਤਾਪਮਾਨ ਵੀ ਆਮ ਨਾਲੋਂ ਘੱਟ ਰਹਿਣ ਦੇ ਆਸਾਰ ਹਨ । ਉਨ੍ਹਾਂ ਕਿਹਾ ਕਿ ਇਸ ਸੀਜ਼ਨ ਵਿੱਚ ਠੰਢ ਦਾ ਪਹਿਲਾ ਦੌਰ ਸਮੇਂ ਤੋਂ ਪਹਿਲਾਂ ਸ਼ੁਰੂ ਹੋ ਗਿਆ ਸੀ । 8 ਤੋਂ 18 ਨਵੰਬਰ ਦਰਮਿਆਨ ਪੱਛਮੀ, ਕੇਂਦਰੀ ਅਤੇ ਪੂਰਬੀ ਭਾਰਤ ਦੇ ਕੁੱਝ ਹਿੱਸਿਆਂ ਖਾਸਕਰ ਰਾਜਸਥਾਨ, ਦੱਖਣੀ ਹਰਿਆਣਾ, ਉੱਤਰੀ ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿੱਚ ਠੰਢ ਮਹਿਸੂਸ ਹੋਈ ।







**ਅੰਦਰ ਪੜ੍ਹੋ**



ਆਲੂਆਂ ਨੂੰ ਝੁਲਸ ਰੋਗ ਤੋਂ ਬਚਾਓ



ਕੀ ਪ੍ਰਵਾਸੀ ਹੁਣ ਪੰਜਾਬੀ ਬਣ ਚੁੱਕੇ ਹਨ?



ਕਣਕ ਦੇ ਵਧੇਰੇ ਝਾੜ ਲਈ ਗੁੱਲੀ-ਡੰਡੇ ਦਾ ਖਾਤਮਾ ਜ਼ਰੂਰੀ

**ਸਰਦੀ ਦੀ ਰੁੱਤ ਵਿੱਚ ਮੀਂਹ ਤੋਂ ਤੁਰੰਤ ਬਾਅਦ ਝੁਲਸ ਰੋਗ ਤੋਂ ਬਚਾਅ ਲਈ ਸਮੇਂ-ਸਮੇਂ 'ਤੇ ਨਿਰੀਖਣ ਕਰਦੇ ਰਹਿਣਾ ਚਾਹੀਦਾ ਹੈ ਤਾਂ ਜੋ ਖੇਤ ਵਿੱਚ ਇਸ ਰੋਗ ਦੇ ਲੱਛਣਾਂ ਦਾ ਪਤਾ ਲੱਗ ਸਕੇ...**





# ਆਲੂਆਂ ਨੂੰ ਝੁਲਸ ਰੋਗ ਤੋਂ ਬਚਾਓ

ਸੰਦੀਪ ਜੈਨ, ਰੀਤੂ ਰਾਣੀ

ਪੰਜਾਬ ਵਿੱਚ ਵਿਲੱਖਣ ਮੌਸਮ ਹੋਣ ਕਰ ਕੇ ਇਹ ਦੇਸ਼ ਦੇ ਪ੍ਰਮੁੱਖ ਆਲੂ ਬੀਜ ਉਤਪਾਦਕ ਵੱਜੋਂ ਵਿਕਸਿਤ ਹੋਇਆ ਹੈ, ਜੋ ਭਾਰਤ ਦੀ ਕੁੱਲ ਆਲੂ ਦੇ ਬੀਜ ਦੀ ਲੋੜ ਦਾ 60 ਪ੍ਰਤੀਸ਼ਤ ਤੱਕ ਪੂਰਾ ਕਰਦਾ ਹੈ। ਖਾਸ ਕਰਕੇ ਉੱਤਰੀ ਦੁਆਬਾ ਖੇਤਰ ਦੀ ਜਲਵਾਯੂ ਅਤੇ ਮਿੱਟੀ ਮਿਆਰੀ ਆਲੂ ਪੈਦਾ ਕਰਨ ਲਈ ਅਨੁਕੂਲ ਹੈ। ਪੰਜਾਬ, ਉੱਤਰ ਪ੍ਰਦੇਸ਼, ਪੱਛਮੀ ਬੰਗਾਲ, ਬਿਹਾਰ, ਮੱਧ ਪ੍ਰਦੇਸ਼, ਗੁਜਰਾਤ ਅਤੇ ਹੋਰ ਆਲੂ ਉਤਪਾਦਕ ਖੇਤਰਾਂ ਵਰਗੇ ਰਾਜਾਂ ਨੂੰ 100 ਲੱਖ ਕੁਇੰਟਲ ਤੋਂ ਵੱਧ ਰੋਗ ਰਹਿਤ ਆਲੂ ਦੇ ਬੀਜ ਮੁਹੱਈਆ ਕਰਵਾਉਂਦਾ ਹੈ। ਰਾਸ਼ਟਰੀ ਪੱਧਰ 'ਤੇ ਆਲੂ ਦੇ ਬੀਜ ਦੀ ਲੋੜ ਨੂੰ ਪੈਦਾ ਕਰਨਾ ਇੱਕ ਵੱਡਾ ਪਾੜਾ ਹੈ, ਜੋ ਪੰਜਾਬ ਦੇ ਆਲੂ ਉਤਪਾਦਕਾਂ ਲਈ ਇੱਕ ਸੁਨਹਿਰੀ ਮੌਕਾ ਬਣ ਸਕਦਾ ਹੈ। ਅਨੁਕੂਲ ਖੇਤੀ ਜਲਵਾਯੂ ਸਥਿਤੀਆਂ ਕਰਕੇ ਦੁਆਰਾ ਖੇਤਰ ਵਿੱਚ ਆਲੂ ਦਾ ਉੱਤਮ ਗੁਣਵੱਤਾ ਦਾ ਬੀਜ ਉਤਪਾਦਨ ਹੁੰਦਾ ਹੈ। ਆਲੂ ਦੀ ਫ਼ਸਲ ਦੀ ਘੱਟ ਮਿਆਦ ਅਤੇ ਉੱਚਾ ਮੁਨਾਫ਼ਾ ਹੋਣ ਕਰ ਕੇ ਇਸ ਨੂੰ ਖਾਣ ਤੇ ਬੀਜ ਉਤਪਾਦਨ ਲਈ ਪੰਜਾਬ ਦੇ ਕਿਸਾਨਾਂ ਲਈ ਵਧੀਆ ਕਾਰਗਰ ਸਾਬਤ ਹੋਇਆ ਹੈ। ਭਾਵੇਂ ਸਾਰੇ ਪੰਜਾਬ ਵਿੱਚ ਆਲੂ ਉਗਾਇਆ ਜਾਂਦਾ ਹੈ, ਪਰ ਖੇਤਰ ਦੇ ਲਿਹਾਜ਼ ਨਾਲ ਪੰਜ ਜ਼ਿਲ੍ਹੇ ਜਲੰਧਰ, ਹੁਸ਼ਿਆਰਪੁਰ, ਕਪੂਰਥਲਾ, ਲੁਧਿਆਣਾ, ਅੰਮ੍ਰਿਤਸਰ ਅਤੇ ਬਠਿੰਡਾ ਹਨ। ਆਲੂ ਦੀ ਫ਼ਸਲ ਕੋਲਡ ਸਟੋਰੇਜ਼, ਬੀਜ ਸਪਲਾਈ ਚੇਨ ਅਤੇ ਪ੍ਰੋਸੈਸਿੰਗ ਉਦਯੋਗਾਂ ਦੇ ਵੱਡੇ ਨੈੱਟਵਰਕ ਵਿੱਚੋਂ ਲੰਘਦੀ ਹੈ, ਜਿਸ ਨਾਲ ਪੇਂਡੂ ਆਰਥਿਕਤਾ ਵਿੱਚ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਦੀ ਹੈ। ਰਾਸ਼ਟਰੀ ਪੱਧਰ ਵਿੱਚ ਆਲੂ ਦਾ ਬੀਜ ਪੰਜਾਬ ਦੀ ਪ੍ਰਸਿੱਧੀ ਨੂੰ ਵਧਾਉਂਦਾ ਹੈ। ਦੂਜੀਆਂ ਫ਼ਸਲਾਂ ਦੇ ਮੁਕਾਬਲੇ ਆਲੂਆਂ ਦੀ ਫ਼ਸਲ ਨੂੰ ਬਿਮਾਰੀਆਂ ਦਾ ਵਧੇਰੇ ਖ਼ਤਰਾ ਹੁੰਦਾ ਹੈ ਅਤੇ ਨਤੀਜੇ ਵਜੋਂ ਆਲੂਆਂ ਦੇ ਝਾੜ 'ਤੇ ਬਹੁਤ ਮਾੜਾ ਅਸਰ ਪੈਂਦਾ ਹੈ। ਉੱਲੀ, ਜੀਵਾਣੂੰ ਅਤੇ ਵਿਸ਼ਾਣੂੰ ਪੱਤਿਆਂ ਅਤੇ ਕੰਦਾਂ ਦੋਵਾਂ ਨੂੰ ਪ੍ਰਭਾਵਿਤ ਕਰਦੇ ਹਨ, ਜੇਕਰ ਸਹੀ ਢੰਗ ਨਾਲ ਇਨ੍ਹਾਂ ਦਾ ਪ੍ਰਬੰਧਨ ਨਾ ਕੀਤਾ ਜਾਵੇ ਤਾਂ ਅਕਸਰ ਉਪਜ 'ਤੇ ਮਾੜਾ ਅਸਰ ਪੈਂਦਾ ਹੈ। ਕਿਉਂਕਿ ਫ਼ਸਲ ਬੀਜ ਕੰਦਾਂ ਰਾਹੀਂ ਬਨਸਪਤੀ ਤੌਰ 'ਤੇ ਫੈਲਦੀ ਹੈ, ਇਸ ਲਈ ਬਹੁਤ ਸਾਰੀਆਂ ਬਿਮਾਰੀਆਂ ਬਦਲਵੇਂ ਮੌਸਮ ਦੌਰਾਨ ਅਸਾਨੀ ਨਾਲ ਫੈਲ ਜਾਂਦੀਆਂ ਹਨ ਜਿਸ ਨਾਲ ਬੀਜ ਤੋਂ ਹੋਣ ਵਾਲੀਆਂ ਬਿਮਾਰੀਆਂ ਫ਼ਸਲ 'ਤੇ ਮਾੜਾ ਅਸਰ ਪਾਉਂਦੀਆਂ ਹਨ।

## ਪੱਤਿਆਂ 'ਤੇ ਅਸਰ

ਸਭ ਤੋਂ ਪਹਿਲਾਂ ਬਿਮਾਰੀ ਦੇ ਲੱਛਣ ਹੇਠਲੇ ਪੱਤਿਆਂ 'ਤੇ ਨਜ਼ਰ ਆਉਂਦੇ ਹਨ। ਸ਼ੁਰੂ ਵਿੱਚ ਬਿਮਾਰੀ ਦੇ ਹਮਲੇ ਨਾਲ ਪਹਿਲਾਂ ਪੱਤਿਆਂ ਦੇ ਕਿਨਾਰਿਆਂ 'ਤੇ ਪਾਣੀ ਭਿੱਜੇ ਦਾਗ ਪੈ ਜਾਂਦੇ ਹਨ ਜੋ ਵੱਡੇ ਹੋ ਕੇ ਕਾਲੇ ਭੂਰੇ ਰੰਗ ਵਿੱਚ ਤਬਦੀਲ ਹੋ ਜਾਂਦੇ ਹਨ। ਨਮੀ ਭਰੇ ਦਿਨਾਂ ਵਿੱਚ ਸਵੇਰ ਵੇਲੇ ਚਿੱਟੇ ਰੰਗ ਦੀ ਉੱਲੀ ਇਨ੍ਹਾਂ ਧੱਬਿਆਂ ਦੇ ਹੇਠਲੇ ਪਾਸੇ ਪ੍ਰਤੱਖ ਦਿਖਾਈ ਦਿੰਦੀ ਹੈ। ਬਾਅਦ ਵਿੱਚ ਤਣੇ ਤੇ ਪੱਤਿਆਂ ਦੀਆਂ ਡੰਡੀਆਂ ਉੱਤੇ ਵੀ ਭੂਰੇ ਰੰਗ ਦੀਆਂ ਲੰਬੀਆਂ ਧਾਰੀਆਂ ਵਾਲੇ ਦਾਗ ਪੈ ਜਾਂਦੇ ਹਨ। ਭਾਰੀ ਬਰਸਾਤਾਂ ਉੱਲੀ ਵਾਲੇ ਕਣਾਂ ਨੂੰ ਪੱਤਿਆਂ ਤੋਂ ਧੋ ਕੇ ਮਿੱਟੀ ਵਿੱਚ ਰਲਾ ਦਿੰਦੀਆਂ ਤੇ ਆਲੂਆਂ ਨੂੰ ਬਿਮਾਰੀ ਦੀ ਲਾਗ ਲੱਗ ਜਾਂਦੀ ਹੈ।



## ਝੁਲਸ ਰੋਗ ਦਾ ਪ੍ਰਭਾਵ

ਝੁਲਸ ਰੋਗ ਦੀ ਬਿਮਾਰੀ ਦਾ ਹਮਲਾ ਜ਼ਿਲ੍ਹਾ ਹੁਸ਼ਿਆਰਪੁਰ, ਜਲੰਧਰ, ਸ਼ਹੀਦ ਭਗਤ ਸਿੰਘ ਨਗਰ, ਕਪੂਰਥਲਾ, ਰੂਪਨਗਰ ਅਤੇ ਅੰਮ੍ਰਿਤਸਰ ਵਿੱਚ ਲਗਾਤਾਰ ਦੇਖਣ ਨੂੰ ਮਿਲਦਾ ਹੈ। ਪੌਦਾ ਰੋਗ ਵਿਭਾਗ ਵੱਲੋਂ ਕੀਤੇ ਗਏ ਲਗਾਤਾਰ ਸਰਵੇਖਣ ਨਾਲ ਪੰਜਾਬ ਵਿੱਚ ਬਿਮਾਰੀ ਵਾਲੇ ਅਤੇ ਬਿਮਾਰੀ ਰਹਿਤ ਖੇਤਰਾਂ ਦਾ ਪਤਾ ਲਗਾਉਣ ਵਿੱਚ ਬਹੁਤ ਯੋਗਦਾਨ ਰਿਹਾ। ਪਿਛਲੇ ਕਈ ਸਾਲਾਂ ਦੇ ਸਰਵੇਖਣ ਤੋਂ ਇਹ ਪਾਇਆ ਗਿਆ ਹੈ ਕਿ ਹੁਸ਼ਿਆਰਪੁਰ, ਜਲੰਧਰ ਅਤੇ ਕਪੂਰਥਲਾ ਜ਼ਿਲ੍ਹਿਆਂ ਵਿੱਚ ਇਸ ਬਿਮਾਰੀ ਦਾ ਹਮਲਾ ਵਧੇਰੇ ਹੁੰਦਾ ਹੈ। ਜ਼ਿਆਦਾਤਰ ਇਹ ਬਿਮਾਰੀ ਹੁਸ਼ਿਆਰਪੁਰ ਜ਼ਿਲ੍ਹੇ ਦੇ ਕੁਝ ਪਿੰਡ ਜਿਵੇਂ ਕਿ ਮੋਨਾ ਕਲਾਂ, ਅਹਿਰਾਨਾ ਕਲਾਂ, ਮਹਿਤੇਆਣਾ, ਫੁਗਲਾਨਾ, ਰਾਜਪੁਰ ਭਾਈਆ ਤੇ ਟਾਂਢੇ ਦੇ ਨੇੜਲੇ ਇਲਾਕਿਆਂ ਵਿੱਚ ਸ਼ੁਰੂ ਹੁੰਦੀ ਹੈ ਤੇ ਅਨੁਕੂਲ ਮੌਸਮੀ ਹਾਲਤਾਂ ਵਿੱਚ ਇਨ੍ਹਾਂ ਇਲਾਕਿਆਂ ਵਿੱਚ ਦੂਜੇ ਇਲਾਕਿਆਂ ਵਿੱਚ ਫੈਲ ਜਾਂਦੀ ਹੈ। ਲੁਧਿਆਣਾ, ਪਟਿਆਲਾ, ਫਤਿਹਗੜ੍ਹ ਸਾਹਿਬ, ਮੋਗਾ, ਸੰਗਰੂਰ ਅਤੇ ਸਮਰਾਲਾ ਤਹਿਸੀਲ ਵਿੱਚ ਇਸ ਬਿਮਾਰੀ ਦਾ ਹਮਲਾ ਮੱਧਮ ਤੀਬਰਤਾ ਦਾ ਪਾਇਆ ਜਾਂਦਾ ਹੈ ਜਦੋਂਕਿ ਦੱਖਣ ਪੱਛਮੀ ਜ਼ਿਲ੍ਹੇ ਜਿਵੇਂ ਬਠਿੰਡਾ, ਫਰੀਦਕੋਟ ਤੇ ਫਿਰੋਜ਼ਪੁਰ ਵਿੱਚ ਇਸ ਦਾ ਹਮਲਾ ਬਹੁਤ ਘੱਟ ਹੁੰਦਾ ਹੈ। ਸਾਲ 2023-24 ਅਤੇ 2024-25 ਦੌਰਾਨ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਮਾਛੀਵਾੜਾ, ਪੁਆੜ, ਸੇਂਜ਼ੂ ਮਾਜਰਾ, ਬਹਿਲੋਲਪੁਰ, ਹੇੜੀਆ ਅਤੇ ਸਮਰਾਲਾ ਤਹਿਸੀਲ ਦੇ ਇਲਾਕਿਆਂ ਵਿੱਚ ਇਸ ਬਿਮਾਰੀ ਦਾ ਮੱਧਮ ਤੋਂ ਤੀਬਰ ਹਮਲਾ ਪਾਇਆ ਗਿਆ, ਜਦਕਿ ਜਲੰਧਰ ਜ਼ਿਲ੍ਹੇ ਦੇ ਪਿੰਡ ਜਿਵੇਂ ਕਿ ਕੰਗ ਸਾਬੋ ਅਤੇ ਪ੍ਰਤਾਪਪੁਰਾ, ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਜਿਵੇਂ ਮਹਿਤੇਆਣਾ, ਫੁਗਲਾਨਾ, ਅਹਿਰਾਨਾ ਕਲਾਂ, ਮੋਨਾ ਕਲਾਂ, ਰਾਜਪੁਰ ਭਾਈਆ ਤੇ ਟਾਂਡਾ ਵਿੱਚ ਇਸ ਬਿਮਾਰੀ ਦਾ ਹਮਲਾ ਘੱਟ ਮਿਕਦਾਰ ਵਿੱਚ ਵੇਖਣ ਨੂੰ ਮਿਲਿਆ ਹੈ।

## ਪ੍ਰਭਾਵਿਤ ਆਲੂਆਂ ਦੇ ਬੀਜ ਤੋਂ ਸ਼ੁਰੂਆਤ

ਬਿਮਾਰੀ ਵਾਲੇ ਅਲੂਆਂ ਦੇ ਬੀਜ ਤੋਂ ਹੀ ਝੁਲਸ ਰੋਗ ਦੀ ਸ਼ੁਰੂਆਤ ਹੁੰਦੀ ਹੈ। ਰੋਗੀ ਆਲੂਆਂ ਉੱਪਰ ਬੇਢੰਗੇ ਭੂਰੇ ਰੰਗ ਦੇ ਦਾਗ ਇਸ ਬਿਮਾਰੀ ਦੇ ਲੱਛਣ ਹਨ। ਲਾਲ ਆਲੂਆਂ ਉੱਤੇ ਇਸ ਬਿਮਾਰੀ ਦੇ ਲੱਛਣ ਘੱਟ ਨਜ਼ਰ ਆਉਂਦੇ ਹਨ। ਬਿਮਾਰੀ ਦੇ ਲੱਛਣ ਠੰਢੇ ਗੋਦਾਮਾਂ ਵਿੱਚੋਂ ਕੱਢੇ ਗਏ ਇਹ ਰੋਗੀ ਆਲੂ ਇਸ ਬਿਮਾਰੀ ਦੇ ਮੁੱਢਲੇ ਕਾਰਨ ਬਣਦੇ ਹਨ। ਆਲੂਆਂ ਦੀ ਛਾਂਟੀ ਤੋਂ ਬਾਅਦ ਸੋਮਾ ਬਿਮਾਰੀ ਵਾਲੇ ਆਲੂ ਗੋਦਾਮਾਂ ਦੇ ਨੇੜੇ ਹੀ ਸੁੱਟ ਦਿੱਤੇ ਜਾਂਦੇ ਹਨ ਜੋ ਬਿਮਾਰੀ ਫੈਲਾਉਣ ਦਾ ਮੁੱਖ ਕਾਰਨ ਬਣਦੇ ਹਨ। ਇਸ ਕਰ ਕੇ ਪੌਦਾ ਰੋਗ ਵਿਭਾਗ ਵਲੋਂ ਸਮੇਂ-ਸਮੇਂ ਸਿਰ ਪਿਛੇਤੇ ਝੁਲਸ ਰੋਗ ਲਈ ਚਲਾਈਆਂ ਗਈਆਂ ਮੁਹਿੰਮਾਂ ਰਾਹੀਂ ਲਗਾਤਾਰ ਇਸ ਗੱਲ ਉੱਪਰ ਜ਼ੋਰ ਦਿੱਤਾ ਜਾਂਦਾ ਹੈ ਕਿ ਜਿਨ੍ਹਾਂ ਬਿਮਾਰੀ ਵਾਲੇ ਆਲੂਆਂ ਨੂੰ ਠੰਢੇ ਗੋਦਾਮਾਂ ਵਿੱਚੋਂ ਕੱਢਣ ਤੋਂ ਬਾਅਦ ਖੇਤਾਂ ਤੋਂ ਪਰੇ ਮਿੱਟੀ ਵਿੱਚ ਦੱਬ ਕੇ ਨਸ਼ਟ ਕਰ ਦਿਓ। ਇਹ ਨੀਤੀ ਅਪਣਾਉਣ ਨਾਲ ਅਸੀਂ ਆਲੂਆਂ ਨੂੰ ਬਿਮਾਰੀ ਦੀ ਮੁੱਢਲੀ ਲਾਗ ਤੋਂ ਬਚਾ ਕੇ ਆਪਣੇ ਖੇਤਾਂ ਵਿੱਚ ਅੱਗੇ ਫੈਲਣ ਤੋਂ ਰੋਕ ਸਕਦੇ ਹਾਂ। ਆਲੂਆਂ ਨੂੰ ਬਿਮਾਰੀ ਦੀ ਲਾਗ ਤੋਂ ਬਚਾਉਣ ਲਈ ਸਮੇਂ ਸਿਰ ਵੱਟਾਂ 'ਤੇ ਮਿੱਟੀ ਚੜ੍ਹਾਉਣੀ ਚਾਹੀਦੀ ਹੈ ਤਾਂ ਜੋ ਵੱਟਾਂ ਮੋਟੀਆਂ ਰਹਿਣ। ਆਲੂਆਂ ਦੀ ਪੁਟਾਈ ਤੋਂ 2-3 ਹਫ਼ਤੇ ਪਹਿਲਾਂ ਬਿਮਾਰੀ ਨਾਲ ਪ੍ਰਭਾਵਿਤ ਬੂਟਿਆਂ ਦੀ ਪਤਰਾਲ ਨੂੰ ਕੱਟ ਕੇ ਨਸ਼ਟ ਕਰ ਦੇਣਾ ਚਾਹੀਦਾ ਹੈ। ਜਿਸ ਨਾਲ ਬੀਜ ਤੱਕ ਬਿਮਾਰੀ ਪਹੁੰਚਣ ਦਾ ਖ਼ਦਸਾ ਘੱਟ ਜਾਵੇ। ਪਤਰਾਲ ਕੱਟਣ ਦੇ 2-3 ਹਫ਼ਤੇ ਬਾਅਦ ਹੀ ਆਲੂਆਂ ਦੀ ਪੁਟਾਈ ਕਰਨੀ ਚਾਹੀਦੀ ਹੈ। ਪਿਛਲੇ ਦਸ ਸਾਲਾਂ ਵਿੱਚ ਪਿਛੇਤੇ ਝੁਲਸ ਰੋਗ ਦਾ ਹਮਲਾ ਮੁਕਾਬਲਤਨ ਘੱਟ ਵੇਖਿਆ ਗਿਆ ਹੈ। ਇਸ ਦਾ ਮੁੱਖ ਕਾਰਨ ਬਿਮਾਰੀ ਵਾਲੇ ਆਲੂਆਂ ਨੂੰ ਛਾਂਟੀ ਕਰ ਕੇ ਨਸ਼ਟ ਕਰਨਾ ਅਤੇ ਸਮੇਂ ਸਿਰ ਸਿਫ਼ਾਰਿਸ਼ ਕੀਤੇ ਗਏ ਉੱਲੀਨਾਸ਼ਕਾਂ ਦਾ ਛਿੜਕਾਅ ਕਰਕੇ ਬਿਮਾਰੀ ਨੂੰ ਫੈਲਣ ਤੋਂ ਰੋਕਣਾ ਹੈ।



## ਮੌਸਮ ਦਾ ਪ੍ਰਭਾਵ

ਅਨੁਕੂਲ ਮੌਸਮੀ ਹਾਲਾਤ (ਤਾਪਮਾਨ ਤੇ ਨਮੀ) ਪਿਛੇਤੇ ਝੁਲਸ ਰੋਗ ਨੂੰ ਵਧਾਉਣ ਵਿੱਚ ਬੜੀ ਹੀ ਅਹਿਮ ਭੂਮਿਕਾ ਅਦਾ ਕਰਦੇ ਹਨ। ਪੰਜਾਬ ਵਿੱਚ ਪਿਛੇਤਾ ਝੁਲਸ ਰੋਗ ਦਾ ਹਮਲਾ ਅੱਧ ਨਵੰਬਰ ਦੇ ਨੇੜੇ-ਤੇੜੇ ਜਦੋਂਕਿ ਫ਼ਸਲ 40 ਤੋਂ 50 ਦਿਨਾਂ ਦੀ ਹੋਵੇ ਉਦੋਂ ਸ਼ੁਰੂ ਹੁੰਦਾ ਹੈ। ਸਤੰਬਰ ਵਿੱਚ ਲੱਗੀ ਹੋਈ ਕੱਚੀ ਪੁਟਾਈ ਵਾਲੀ ਅਗੇਤੀ ਆਲੂਆਂ ਦੀ ਫ਼ਸਲ 'ਤੇ ਇਸ ਰੋਗ ਦਾ ਹਮਲਾ ਘੱਟ ਹੁੰਦਾ ਹੈ ਕਿਉਂਕਿ ਉਸ ਸਮੇਂ ਮੌਸਮ ਗਰਮ ਰਹਿੰਦਾ ਹੈ। ਅਕਤੂਬਰ ਵਿੱਚ ਬੀਜੀ ਗਈ ਆਲੂ ਦੀ ਮੁੱਖ ਫ਼ਸਲ ਅਤੇ ਬਹਾਰ ਰੁੱਤ ਦੀ ਫ਼ਸਲ ਤੇ ਇਸ ਬਿਮਾਰੀ ਦਾ ਹਮਲਾ ਅਨੁਕੂਲ ਮੌਸਮੀ ਹਾਲਤਾਂ ਕਰ ਕੇ ਵਧੇਰੇ ਹੁੰਦਾ ਹੈ। ਉਸ ਸਮੇਂ ਦੌਰਾਨ ਹਵਾ ਵਿਚਲਾ ਤਾਪਮਾਨ 15 ਤੋਂ 28 ਡਿਗਰੀ ਸੈਂਟੀਗ੍ਰੇਡ ਅਤੇ ਨਮੀਂ ਦੀ ਮਾਤਰਾ 65-80 ਪ੍ਰਤੀਸ਼ਤ ਤੱਕ ਹੁੰਦੀ ਹੈ ਅਤੇ ਰਾਤ ਸਮੇਂ ਤਰੇਲ ਪੈਂਦੀ ਹੈ। ਇਨ੍ਹਾਂ ਹਾਲਤਾਂ ਵਿੱਚ ਇਸ ਰੋਗ ਦਾ ਹਮਲਾ ਮੱਧਮ ਤੇ ਕੁੱਝ ਖੇਤਾਂ ਵਿੱਚ ਹੀ ਰਹਿੰਦਾ ਹੈ ਪ੍ਰੰਤੂ ਜਦੋਂ ਨਵੰਬਰ ਤੋਂ ਦਸੰਬਰ ਸਰਦੀ ਦੇ ਮੌਸਮ ਦੌਰਾਨ ਮੀਂਹ ਪੈਂਦਾ ਹੈ ਤਾਂ ਹਵਾ ਵਿਚਲੀ ਨਮੀ ਦੀ ਮਾਤਰਾ 90 ਪ੍ਰਤੀਸ਼ਤ ਤੋਂ ਜ਼ਿਆਦਾ ਹੋ ਜਾਂਦੀ ਹੈ ਅਤੇ ਨਾਲ ਹੀ ਨਾਲ ਦਿਨ ਵੇਲੇ ਬੱਦਲਵਾਈ ਜਾਂ 6-7 ਦਿਨ ਲਈ ਧੁੰਦ ਪਵੇ ਅਤੇ ਤਾਪਮਾਨ 10-20 ਡਿਗਰੀ ਸੈਲਸੀਅਸ ਰਹਿੰਦਾ ਹੋਵੇ ਤਾਂ ਪਿਛੇਤਾ ਝੁਲਸ ਰੋਗ ਪੱਤਿਆਂ ਅਤੇ ਤਣਿਆਂ ਉੱਤੇ ਦੇਖਿਆ ਜਾ ਸਕਦਾ ਹੈ ਅਤੇ ਇਸ ਉੱਲੀ ਦੇ ਕਣ ਹਵਾ ਨਾਲ ਉੱਡ ਕੇ ਨੇੜਲੇ ਬੂਟੇ ਅਤੇ ਖੇਤਾਂ ਵਿੱਚ ਬਿਮਾਰੀ ਫੈਲਾਅ ਦਿੰਦੇ ਹਨ। ਇਸ ਕਰ ਕੇ ਸਰਦੀ ਦੀ ਰੁੱਤ ਵਿੱਚ ਮੀਂਹ ਤੋਂ ਤੁਰੰਤ

ਬਾਕੀ ਸਫਾ 6 'ਤੇ



## ਆਲੂਆਂ ਦੇ ਜ਼ਿਆਦਾ ਰੋਗ ਬੀਜ ਰਾਹੀਂ ਫੈਲਦੇ

ਸਾਡੇ ਆਲੂ ਉਤਪਾਦਕਾਂ ਦੀ ਜਾਣਕਾਰੀ ਲਈ ਅਸੀਂ ਇੱਥੇ ਇਹ ਦੱਸਣਾ ਜ਼ਰੂਰੀ ਸਮਝਦੇ ਹਾਂ ਕਿ ਆਲੂਆਂ ਦੇ ਜ਼ਿਆਦਾਤਰ ਭਿਆਨਕ ਰੋਗ (ਜਿਵੇਂ ਵਿਸ਼ਾਣੂੰ ਰੋਗ, ਪਿਛੇਤਾ ਝੁਲਸ ਰੋਗ, ਖਰੀਂਢ ਰੋਗ ਅਤੇ ਧੱਫੜੀ ਰੋਗ ਆਦਿ) ਬੀਜ ਰਾਹੀਂ ਹੀ ਫੈਲਦੇ ਹਨ ਅਤੇ ਜੋ ਪੰਜਾਬ ਵਿੱਚ ਆਲੂ ਦੀ ਪੈਦਾਵਾਰ ਅਤੇ ਜ਼ਿਮੀਦਾਰਾਂ ਦਾ ਮੁਨਾਫ਼ਾ ਘਟਾਉਣ ਦਾ ਕਾਰਨ ਬਣਦੇ ਹਨ। ਪਿਛੇਤਾ ਝੁਲਸ ਰੋਗ ਕਰਕੇ ਸਿਰਫ਼ ਝਾੜ ਤੇ ਹੀ ਨਹੀਂ ਸਗੋਂ ਆਲੂਆਂ ਦੀ ਕੁਆਲਿਟੀ 'ਤੇ ਵੀ ਮਾੜਾ ਅਸਰ ਪੈਂਦਾ ਹੈ। ਜੇਕਰ ਸਹੀ ਸਮੇਂ 'ਤੇ ਇਸ ਬਿਮਾਰੀ ਦੀ ਰੋਕਥਾਮ ਨਾ ਕੀਤੀ ਜਾਵੇ ਤਾਂ ਇਸ ਦੇ ਹੱਲੇ ਨਾਲ ਬਹੁਤ ਥੋੜ੍ਹੇ ਸਮੇਂ ਵਿੱਚ ਹੀ ਆਲੂਆਂ ਦੀ ਫ਼ਸਲ ਤਬਾਹ ਹੋ ਜਾਂਦੀ ਹੈ। ਇਹ ਰੋਗ ਫਾਈਟੋਪਥੋਰਾ ਨਾਮਕ ਉੱਲੀ ਕਰ ਕੇ ਹੁੰਦਾ ਹੈ। ਪੰਜਾਬ ਵਿਖੇ ਬਿਮਾਰੀ ਦੇ ਗੰਭੀਰ ਹਮਲੇ ਵਾਲੇ ਸਾਲਾਂ ਦੌਰਾਨ ਸਾਡੇ ਆਲੂ ਉਤਪਾਦਕਾਂ ਦਾ 80 ਪ੍ਰਤੀਸ਼ਤ ਤੱਕ ਝਾੜ ਦਾ ਨੁਕਸਾਨ ਹੋਇਆ ਹੈ।

# ਹਾੜ੍ਹੀ ਦੀਆਂ ਫਸਲਾਂ ਵਿੱਚ ਲਘੂ ਤੱਤਾਂ ਦੀ ਘਾਟ ਅਤੇ ਪੂਰਤੀ

ਜਨਪ੍ਰਿਆ ਕੌਰ ਅਤੇ ਵਿੱਕੀ ਸਿੰਘ, ਭੂਮੀ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 70096-60664)

**ਪੰਜਾਬ ਦੀਆਂ ਜ਼ਮੀਨਾਂ ਵਿੱਚ ਮੈਗਨੀਜ਼ ਦੀ ਘਾਟ ਹਾੜ੍ਹੀ ਦੀਆਂ ਫਸਲਾਂ ਜਿਵੇਂ ਕਿ ਕਣਕ ਅਤੇ ਬਰਸੀਮ ਨੂੰ ਕਾਫ਼ੀ ਪ੍ਰਭਾਵਿਤ ਕਰਦੀ ਹੈ।**

## ਕਣਕ

**ਮੈਗਨੀਜ਼ ਦੀ ਘਾਟ** : ਬੂਟੇ ਦੇ ਵਿਚਕਾਰਲੇ ਪੱਤਿਆਂ ਦੀਆਂ ਨਾੜੀਆਂ ਦੇ ਦਰਮਿਆਨ ਵਾਲੀ ਥਾਂ ਉੱਤੇ ਹਲਕੇ ਪੀਲੇ ਸਲੇਟੀ ਰੰਗ ਤੋਂ ਗੁਲਾਬੀ ਭੂਰੇ ਰੰਗ ਦੇ ਧੱਬੇ ਹੋਣਾ, ਇਸ ਤੱਤ ਦੀ ਘਾਟ ਦੀਆਂ ਮੁੱਖ ਨਿਸ਼ਾਨੀਆਂ ਹਨ। ਇਹ ਧੱਬੇ ਨਾੜੀਆਂ



ਵਿਚਕਾਰ ਇਕੱਠੇ ਹੋ ਕੇ ਇੱਕ ਲੰਮੀ ਧਾਰੀ ਜਾਂ ਗੋਲ ਆਕਾਰ ਧਾਰਨ ਕਰ ਲੈਂਦੀਆਂ ਹਨ। ਜੇਕਰ ਘਾਟ ਜ਼ਿਆਦਾ ਹੋਵੇ ਤਾਂ ਬੂਟੇ ਸੁੱਕ ਜਾਂਦੇ ਹਨ। ਮੈਗਨੀਜ਼ ਦੀ ਘਾਟ ਦੀਆਂ ਨਿਸ਼ਾਨੀਆਂ ਹਮੇਸ਼ਾ ਉੱਪਰਲੇ ਪੱਤਿਆਂ ਤੇ ਦੇਖੀਆਂ ਜਾਂਦੀਆਂ ਹਨ।

**ਰੋਕਥਾਮ** : ਮੈਗਨੀਜ਼ ਦੀ ਘਾਟ ਵਾਲੀਆਂ ਜ਼ਮੀਨਾਂ ਵਿੱਚ ਇੱਕ ਕਿੱਲੋ ਮੈਗਨੀਜ਼ ਸਲਫੇਟ 200 ਲੀਟਰ ਪਾਣੀ ਵਿੱਚ ਘੋਲ (0.5% ਮੈਗਨੀਜ਼ ਸਲਫੇਟ) ਕੇ ਇੱਕ ਛਿੜਕਾਅ ਪਹਿਲੇ ਪਾਣੀ ਤੋਂ 2-4 ਦਿਨ ਪਹਿਲਾਂ ਅਤੇ 3 ਛਿੜਕਾਅ ਹਫਤੇ-ਹਫਤੇ ਦੇ ਫਰਕ ਨਾਲ ਬਾਅਦ ਵਿੱਚ ਧੁੱਪ ਵਾਲੇ ਦਿਨਾਂ ਵਿੱਚ ਕਰੋ। ਮੈਗਨੀਜ਼ ਦੀ ਸਿਰਫ ਸਪਰੇਅ ਹੀ ਕਰੋ, ਇਸਨੂੰ ਜ਼ਮੀਨ ਵਿੱਚ ਸਿੱਧਾ ਨਾ ਪਾਉ। ਰੇਤਲੀਆਂ ਜ਼ਮੀਨਾਂ ਵਿੱਚ ਕਣਕ ਦੀਆਂ ਵਡਾਣਕ ਕਿਸਮਾਂ ਜਿਵੇਂ ਪੀ ਡੀ ਡਬਲਯੂ 291, ਪੀ ਡੀ ਡਬਲਯੂ 233, ਡਬਲਯੂ ਐਚ ਡੀ 943 ਆਦਿ ਨਾ ਬੀਜੋ ਕਿਉਕਿ ਇਹਨਾਂ ਵਿੱਚ ਘਾਟ



ਜ਼ਿਆਦਾ ਆਉਂਦੀ ਹੈ।

**ਜ਼ਿੰਕ ਦੀ ਘਾਟ** : ਕਣਕ ਦੀ ਫਸਲ ਤੇ ਜ਼ਿੰਕ ਦੀ ਘਾਟ ਨਾਲ ਬੂਟਿਆਂ ਦਾ ਵਾਧਾ ਰੁੱਕ ਜਾਂਦਾ ਹੈ ਅਤੇ ਬੂਟੇ ਝਾੜੀ ਵਰਗੇ ਬਣ ਜਾਂਦੇ ਹਨ। ਪੱਤੇ ਲੱਕੋਂ ਪੀਲੇ ਪੈਣ ਮਗਰੋਂ ਟੁੱਟ ਕੇ ਲਮਕ ਜਾਂਦੇ ਹਨ।

**ਰੋਕਥਾਮ** : ਜੇ ਸਾਉਣੀ ਦੀ ਫਸਲ ਨੂੰ ਸਿਫ਼ਾਰਿਸ਼ ਕੀਤੀ ਜ਼ਿੰਕ ਸਲਫੇਟ ਦੀ ਮਾਤਰਾ ਪਾਈ ਗਈ ਹੋਵੇ ਤਾਂ ਉਸ ਜ਼ਮੀਨ ਵਿੱਚ ਬੀਜੀ ਕਣਕ ਨੂੰ ਜ਼ਿੰਕ ਪਾਉਣ ਦੀ ਲੋੜ ਨਹੀਂ। ਜ਼ਿੰਕ ਦੀ ਘਾਟ ਵਾਲੀ ਫਸਲ ਉੱਤੇ ਜ਼ਿੰਕ ਸਲਫੇਟ (0.5%) ਦੀ ਸਪਰੇਅ ਕਰਨ ਨਾਲ ਵੀ ਪੂਰੀ ਕੀਤੀ ਜਾ ਸਕਦੀ ਹੈ। ਇੱਕ ਏਕੜ ਲਈ ਇੱਕ ਕਿੱਲੋ ਜ਼ਿੰਕ ਸਲਫੇਟ ਅਤੇ ਅੱਧਾ ਕਿੱਲੋ ਅਣਬੁਝਿਆ ਚੂਨਾ 200 ਲੀਟਰ ਪਾਣੀ ਵਿੱਚ ਘੋਲ ਕੇ 15 ਦਿਨਾਂ ਦੀ ਵਿੱਥ ਤੇ 2-3 ਵਾਰ ਛਿੜਕਾਅ ਕਰੋ।

## ਬਰਸੀਮ

**ਮੈਗਨੀਜ਼ ਦੀ ਘਾਟ** : ਮੈਗਨੀਜ਼ ਦੀ ਘਾਟ ਨਾਲ ਬਰਸੀਮ ਦੇ ਵਿਚਕਾਰਲੇ ਤਣੇ ਦੇ ਪੱਤੇ ਵਿੱਚੋਂ ਸਲੇਟੀ ਤੋਂ ਪੀਲੇ ਰੰਗ ਦੇ ਹੋ ਜਾਂਦੇ ਹਨ ਅਤੇ ਫਿਰ ਸੁੱਕ ਜਾਂਦੇ ਹਨ। ਪੱਤੇ ਦੀ ਨੋਕ ਅਤੇ ਪੱਤੇ ਦਾ ਤੀਜਾ ਹਿੱਸਾ ਮੁੱਢੋ ਹਰਾ ਰਹਿੰਦਾ ਹੈ। ਅੰਤ ਵਿੱਚ ਪੱਤਾ ਸਾਰਾ ਸੁੱਕ ਜਾਂਦਾ ਹੈ। ਪੱਤੇ ਦਾ ਰੰਗ ਗੁਲਾਬੀ ਤੇ ਭੂਰਾ ਹੋ ਜਾਂਦਾ ਹੈ ਅਤੇ ਅੰਤ ਵਿੱਚ ਪੱਤਾ ਛਾਨਣੀ ਵਾਂਗ ਹੋ ਜਾਂਦਾ ਹੈ।

**ਰੋਕਥਾਮ** : ਬਰਸੀਮ ਦੀ ਫਸਲ ਵਿੱਚ ਮੈਗਨੀਜ਼ ਦੀ ਘਾਟ ਆਉਣ ਤੇ 0.5% ਮੈਗਨੀਜ਼ ਸਲਫੇਟ (ਇੱਕ ਕਿੱਲੋ ਮੈਗਨੀਜ਼ ਸਲਫੇਟ 200 ਲੀਟਰ ਪਾਣੀ ਵਿੱਚ) ਦਾ ਘੋਲ ਬਣਾ ਕੇ ਧੁੱਪ ਵਾਲੇ ਦਿਨ ਹਫਤੇ-ਹਫਤੇ ਦੇ ਫਰਕ ਤੇ ਦੋ ਤਿੰਨ ਛਿੜਕਾਅ ਕਰੋ। ਇੱਕ ਵਾਢੀ ਲੈਣ ਉਪਰੰਤ 2 ਹਫਤੇ ਮਗਰੋਂ ਨਵੇਂ ਫੁਟਾਰੇ ਤੇ ਇਹ ਛਿੜਕਾਅ ਕਰੋ।

## ਕਮਾਦ

**ਲੋਹੇ ਦੀ ਘਾਟ** : ਹਲਕੀਆਂ ਜ਼ਮੀਨਾਂ ਵਿੱਚ ਕਮਾਦ ਦੀ ਫਸਲ ਉੱਪਰ ਲੋਹੇ ਦੀ ਘਾਟ ਆ ਜਾਂਦੀ ਹੈ। ਇਹ ਘਾਟ ਪਹਿਲਾਂ ਨਵੇਂ ਪੱਤਿਆਂ ਤੇ ਆਉਂਦੀ ਹੈ। ਪੱਤੇ ਦੀਆਂ ਹਰੀਆਂ ਨਾੜੀਆਂ ਦੇ ਵਿਚਕਾਰ ਪੀਲੇ ਰੰਗ ਦੀਆਂ ਧਾਰੀਆਂ ਪੈ ਜਾਂਦੀਆਂ ਹਨ। ਲੋਹੇ ਦੀ ਜ਼ਿਆਦਾ ਘਾਟ ਨਾਲ ਪੱਤੇ ਚਿੱਟੇ ਰੰਗ ਦੇ ਹੋ ਜਾਂਦੇ ਹਨ ਅਤੇ ਬੂਟਾ ਛੋਟਾ ਰਹਿ ਜਾਂਦਾ ਹੈ।

**ਰੋਕਥਾਮ** : ਜਦੋਂ ਵੀ ਇਹ ਨਿਸ਼ਾਨੀਆਂ ਨਜ਼ਰ ਆਉਣ ਉਸ ਵੇਲੇ 1 ਫੈਰਸ ਸਲਫੇਟ (ਇੱਕ ਕਿੱਲੋ ਫੈਰਸ ਸਲਫੇਟ 100 ਲੀਟਰ ਪਾਣੀ ਵਿੱਚ) ਦਾ ਹਫਤੇ ਹਫਤੇ ਦੀ ਵਿੱਥ ਤੇ ਦੋ-ਤਿੰਨ ਵਾਰ ਛਿੜਕਾਅ ਕਰੋ।

**ਸਿਫ਼ਾਰਿਸ਼ਾਂ**

**ਮਿੱਟੀ ਦੀ ਜਾਂਚ** : ਲਘੂ ਤੱਤਾਂ ਦੇ ਪੱਧਰਾਂ ਦਾ ਮੁਲਾਂਕਣ ਕਰਨ ਲਈ ਹਰ ਤੀਜੇ ਸਾਲ ਮਿੱਟੀ ਦੀ ਜਾਂਚ ਕਰਵਾਉ।

**ਲਘੂ ਤੱਤਾਂ ਦਾ ਛਿੜਕਾਅ** : ਲਘੂ ਤੱਤਾਂ ਦੀ ਕਮੀ ਨੂੰ ਕਈ ਵਾਰ ਪੱਤਿਆਂ ਦੇ ਸਪਰੇਅ ਰਾਹੀਂ ਠੀਕ ਕੀਤਾ ਜਾ ਸਕਦਾ ਹੈ, ਖੁਰਾਕੀ ਤੱਤ (ਲੋਹਾ ਅਤੇ ਮੈਗਨੀਜ਼) ਸਿੱਧੇ ਪੌਦਿਆਂ ਦੇ ਪੱਤਿਆਂ ਨੂੰ ਜਲਦੀ ਸੋਖਣ ਲਈ ਪ੍ਰਦਾਨ ਕਰਦੇ ਹਨ।



**ਸੰਤੁਲਿਤ ਖਾਦ** : ਸੰਤੁਲਿਤ ਖਾਦ ਦੀ ਵਰਤੋਂ ਨਾਲ ਕਮੀਆਂ ਨੂੰ ਰੋਕਣ ਵਿੱਚ ਮਦਦ ਮਿਲਦੀ ਹੈ।

**ਜੈਵਿਕ ਖਾਦ** : ਰੇਤਲੀ ਤੋਂ ਰੇਤਲੀ ਮੈਰਾ ਜ਼ਮੀਨਾਂ ਵਿੱਚ ਵਧੇਰੇ ਝਾੜ ਲੈਣ ਲਈ ਜੈਵਿਕ ਖਾਦ (ਰੂੜੀ ਖਾਦ 6 ਟਨ/ਏਕੜ ਜਾਂ ਮੁਰਗੀਆਂ ਦੀ ਖਾਦ 2.5 ਟਨ ਏਕੜ ਜਾਂ ਪ੍ਰੈਸਮਡ 6 ਟਨ/ਏਕੜ ਜਾਂ ਪਰਾਲੀ ਖਾਦ 2.5 ਟਨ/ਏਕੜ) ਜਾਂ ਹਰੀ ਖਾਦ ਜਾਂ ਗਰਮ ਰੁੱਤ ਦੀ ਮੂੰਗੀ ਦੀ ਰਹਿੰਦ-ਖੂੰਹਦ ਨੂੰ ਖੇਤ ਵਿੱਚ ਮਿਲਾਉਣ ਮਗਰੋਂ ਨਾਈਟ੍ਰੋਜਨ ਖਾਦ ਦੀ ਸਿਫ਼ਾਰਿਸ਼ ਕੀਤੀ ਪੂਰੀ ਮਾਤਰਾ (50 ਕਿੱਲੋ ਨਾਈਟ੍ਰੋਜਨ ਪ੍ਰਤੀ ਏਕੜ) ਪਾਉ ਅਤੇ ਲਘੂ ਤੱਤਾਂ ਦੀ ਘਾਟ ਨੂੰ ਪੂਰਾ ਕਰੋ।

### ਸਰ੍ਹੋਂ, ਰਾਇਆ, ਅਫਰੀਕਨ ਸਰ੍ਹੋਂ



**ਜ਼ਿੰਕ ਦੀ ਘਾਟ** : ਪੌਦੇ ਦੇ ਪੱਤੇ ਛੋਟੇ, ਝਾੜੀਦਾਰ ਵਿਕਾਸ ਅਤੇ ਗੂੜ੍ਹੇ ਹਰੇ ਰੰਗ ਦੇ ਰਹਿ ਜਾਂਦੇ ਹਨ। ਪੁਰਾਣੇ ਪੱਤੇ ਸਿਰਿਆਂ ਤੋਂ ਪੀਲੇ ਪੈ ਕੇ ਸੁੱਕ ਜਾਂਦੇ ਹਨ।

**ਰੋਕਥਾਮ** : ਜੇਕਰ ਜ਼ਮੀਨ ਵਿੱਚ ਜ਼ਿੰਕ ਦੀ ਘਾਟ ਹੋਵੇ ਤਾਂ ਰਾਇਆ ਨੂੰ 10 ਕਿੱਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ (21%) ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ।




# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

**ਸਾਲ 43 ਅੰਕ 49**
**ਮਿਤੀ 06-12-2025**

**ਐਡੀਟਰ**

ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**

ਏਕਤਾ ਕੰਪਿਊਟਰਜ਼, ਪਟਿਆਲਾ



## ਨੋਟ

- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Drishti Printers,**
484, Nagra Street, Natan Wali Gali,Backside Dashmesh Market,
Near Sher-e-Punjab Market, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
Phone No. 0175-2214575, RNI No.**PUNPUN00806**


# ਗੰਨੇ ਤੇ ਫ਼ਲਾਂ ਤੋਂ ਬਣੇ ਸਿਰਕੇ ਰਾਹੀਂ ਵਾਧੂ ਆਮਦਨ


ਡਾ. ਗੁਰਵਿੰਦਰ ਸਿੰਘ ਕੋਚਰ ਅਤੇ ਡਾ. ਕੇਸ਼ਾਨੀ,
ਮਾਈਕਰੋਬਾਇਆਲੋਜੀ ਵਿਭਾਗ, ਪੰਜਾਬ ਖੇਤੀਬਾੜੀ ਯੂਨੀਵਰਸਿਟੀ,
ਲੁਧਿਆਣਾ (ਮੋਬਾਇਲ : 94172-30896)


ਸਿਰਕਾ ਇੱਕ ਆਮ ਘਰੇਲੂ ਨਾਂਅ ਹੈ। ਬਹੁਤ ਸਾਰੀਆਂ ਵਪਾਰਕ ਇਕਾਈਆਂ ਤੇ ਉੱਦਮੀ ਕੁਦਰਤੀ ਸਿਰਕੇ ਦੀ ਉਤਪਾਦਨ ਤਕਨਾਲੋਜੀ ਵਿੱਚ ਨਿਵੇਸ਼ ਕਰਕੇ ਲਾਭ ਪ੍ਰਾਪਤ ਕਰ ਰਹੇ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਹੁਣ ਤੱਕ ਕੁੱਲ ਦਸ ਉੱਦਮੀਆਂ ਨੇ ਕੁਦਰਤੀ ਸਿਰਕੇ ਦੀ ਤਕਨਾਲੋਜੀ ਖਰੀਦੀ ਹੈ। ਯੂਨੀਵਰਸਿਟੀ ਕਿਸਾਨਾਂ ਨੂੰ ਸਿਰਕੇ ਦੇ ਉਤਪਾਦਨ ਲਈ ਨਿਯਮਤ ਸਿਖਲਾਈ ਵੀ ਪ੍ਰਦਾਨ ਕਰ ਰਹੀ ਹੈ, ਤਾਂ ਕਿ ਕਿਸਾਨ ਇਸ ਨੂੰ ਆਮਦਨ ਦੇ ਸਹਾਇਕ ਸਰੋਤ ਵਜੋਂ ਚੁਣ ਕੇ ਲਾਭ ਲੈ ਸਕਣ।

ਬਾਜ਼ਾਰ ਵਿੱਚ ਆਮ ਤੌਰ 'ਤੇ ਬਣਾਵਟੀ ਸਿਰਕਾ ਪਾਇਆ ਜਾਂਦਾ ਹੈ, ਜੋ 4% ਗਲੇਸ਼ੀਅਲ ਐਸਿਟਿਕ ਤੇਜ਼ਾਬ ਤੋਂ ਤਿਆਰ ਕੀਤਾ ਹੁੰਦਾ ਹੈ। ਇਹ ਤੇਜ਼ਾਬ ਕੱਚੇ ਤੇਲ ਦੀ ਸਫਾਈ ਦੌਰਾਨ ਨਿਕਲਦਾ ਹੈ, ਜਿਸ ਵਿੱਚ ਲੈੱਡ (ਸ਼ੀਸ਼ੇ) ਦਾ ਇਸਤੇਮਾਲ ਹੁੰਦਾ ਹੈ। ਇਸ ਕਰਕੇ ਸ਼ੀਸ਼ੇ ਦੇ ਅਵਸ਼ੇਸ਼ ਬਣਾਵਟੀ ਸਿਰਕੇ ਵਿੱਚ ਰਹਿ ਜਾਂਦੇ ਹਨ, ਜੋ ਸਿਹਤ ਲਈ ਹਾਨੀਕਾਰਕ ਹੈ। ਇਸ ਦੇ ਉਲਟ ਕੁਦਰਤੀ ਸਿਰਕਾ ਸਿਹਤ ਭਰਪੂਰ ਵਿਟਾਮਿਨ, ਅਮੀਨੋ ਤੇਜ਼ਾਬ, ਐਸਟਰ, ਖਣਿਜ ਅਤੇ ਜੈਵਿਕ ਤੇਜ਼ਾਬਾਂ ਨਾਲ ਲੈਸ ਹੁੰਦਾ ਹੈ। ਅਜੋਕੇ ਸਮੇਂ ਵਿੱਚ ਸਿਰਕੇ ਨੂੰ ਬਹੁਤ ਸਾਰੇ ਰੋਗਾਂ ਦਾ ਇਲਾਜ ਮੰਨਿਆ ਗਿਆ ਹੈ। ਕੁਦਰਤੀ ਸਿਰਕੇ ਦੀ ਖ਼ਾਸ ਸੁਗੰਧ ਇਸ ਵਿਚਲੇ ਏਸਿਟਿਕ ਦੇ ਤੇਜ਼ਾਬ ਕਾਰਨ ਹੁੰਦੀ ਹੈ। ਸਿਰਕਾ ਟੁੱਟੀ ਹੱਡੀ, ਕੈਂਸਰ ਦੇ ਸੈੱਲ, ਦੰਦ ਦਰਦ, ਖੰਘ, ਜ਼ੁਕਾਮ ਆਦਿ ਦਾ ਸ਼ਰਤੀਆ ਇਲਾਜ ਮੰਨਿਆ ਗਿਆ ਹੈ। ਪਤਲਾ ਕੀਤਾ ਸਿਰਕਾ ਲੂਅ, ਦਸਤ, ਪੇਟ ਆਦਿ ਨੂੰ ਠੱਲ੍ਹ ਪਾਉਂਦਾ ਹੈ। ਇਹ ਖੂਨ ਦੇ ਦਬਾਅ ਅਤੇ ਕੋਲੈਸਟਰੋਲ ਨੂੰ ਘਟਾਉਂਦਾ ਹੈ। ਇਸ ਤਰ੍ਹਾਂ ਕੁਦਰਤੀ ਸਿਰਕਾ ਇੱਕ ਵਧੀਆ ਐਂਟੀਸੈਪਟਿਕ, ਐਂਟੀਆਕਸੀਕਾਰਕ, ਡਾਈਯੂਰਿਟਿਕ, ਰੇਚਕ ਅਤੇ ਉਤੇਜਕ ਏਜੰਟ ਹੈ, ਜੋ ਚਮੜੀ, ਅਨੀਮੀਆ, ਗਠੀਆ, ਦੌਰਿਆਂ, ਗਿੱਲੜ੍ਹ ਆਦਿ ਵਿੱਚ ਸਹਾਇਕ ਹੁੰਦਾ ਹੈ।

ਬਹੁਤ ਸਾਰੇ ਫ਼ਲ ਜਿਵੇਂ ਕਿ ਸੇਬ, ਚੈਰੀ, ਅੰਬ, ਗੰਨਾ, ਆਲੂਬੁਖਾਰਾ, ਸਟ੍ਰਾਬਰੀ, ਅਨਾਨਾਸ ਆਦਿ ਤੋਂ ਸਿਰਕਾ ਤਿਆਰ ਕੀਤਾ ਜਾਂਦਾ ਹੈ। ਇਸ ਦੇ ਇਲਾਵਾ ਫ਼ਲਾਂ ਦਾ ਸਿਰਕਾ ਸਾਰਾ ਸਾਲ (ਬਿਨਾਂ ਫ਼ਲਾਂ ਦੇ ਮੌਸਮ ਦੇ) ਇਸਤੇਮਾਲ ਕੀਤਾ ਜਾ ਸਕਦਾ ਹੈ। ਖਮੀਰੀਕਰਨ ਆਮ ਤੌਰ 'ਤੇ ਫ਼ਲਾਂ ਦੀ ਸੰਭਾਲ ਵਿੱਚ ਸਹਾਇਕ ਹੁੰਦਾ ਹੈ, ਰਸ ਵਿੱਚ ਬਹੁਤ ਸਾਰੇ ਜ਼ਰੂਰੀ ਅਮੀਨੋ ਤੇਜ਼ਾਬ, ਵਿਟਾਮਿਨ, ਖੁਰਾਕੀ ਤੱਤ, ਖੁਸ਼ਬੂਆਂ ਆਦਿ ਜਮ੍ਹਾਂ ਕਰਦਾ ਹੈ ਅਤੇ ਇਸ ਤਰ੍ਹਾਂ ਫ਼ਲਾਂ ਦੇ ਰਸ ਸੈਲਫ ਲਾਈਫ ਵਧਾਉਣ ਵਿੱਚ ਸਹਾਇਕ ਹੁੰਦਾ ਹੈ।

## ਸਿਰਕਾ ਡਸਨਕੋ ਕਰਨ ਦੀ ਵਿਧੀ

ਕੁਦਰਤੀ ਸਿਰਕਾ ਫ਼ਲਾਂ ਦੇ ਰਸ ਨੂੰ ਅਮੀਰ ਅਤੇ ਐਸਿਟਿਕ ਐਸਿਡ ਬੈਕਟੀਰੀਆ ਦੇ ਦੋਹਰੇ ਖਮੀਰੀਕਰਨ ਨਾਲ ਤਿਆਰ ਕੀਤਾ ਜਾਂਦਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਪੰਜ ਤਰ੍ਹਾਂ ਦਾ ਕੁਦਰਤੀ ਸਿਰਕਾ ਗੰਨਾ, ਅੰਗੂਰ, ਸੇਬ, ਗੰਨਾ ਮਿਸ਼ਰਤ ਅਤੇ ਜਾਮਣ ਦੀ ਸਿਫ਼ਾਰਸ਼ ਕੀਤੀ ਹੈ। ਕੁਦਰਤੀ ਸਿਰਕਾ ਤਿਆਰ ਕਰਨ ਦਾ ਜਾਗ (ਖਮੀਰ, ਬੈਕਟੀਰੀਆ ਦਾ ਜਾਗ ਅਤੇ 500 ਮਿ. ਲੀ. ਮਦਰ ਸਿਰਕਾ) ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ 250 ਰੁਪਏ ਪ੍ਰਤੀ ਜਾਗ ਸੈੱਟ ਦੀ ਦਰ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ।



ਕੁਦਰਤੀ ਸਿਰਕਾ ਤਿਆਰ ਕਰਨ ਲਈ ਪਹਿਲਾਂ ਫ਼ਲਾਂ ਦਾ ਰਸ ਕੱਢਿਆ ਜਾਂਦਾ ਹੈ ਅਤੇ ਬਰਿਕਸੋਮੀਟਰ ਦੀ ਮਦਦ ਦੇ ਨਾਲ ਇਸ ਦੀ ਖੰਡ ਦੀ ਘਣਤਾ 15 ਬਰਿਕਸ ਨਾਪੀ ਜਾਂਦੀ ਹੈ। ਰਸ ਦੇ ਪਾਸਚਰੀਕਰਨ ਤੋਂ ਬਾਅਦ ਇਸ ਨੂੰ ਖਮੀਰ ਦਾ ਜਾਗ (5-7.5%) ਲਗਾਇਆ ਜਾਂਦਾ ਹੈ ਅਤੇ ਰਸ ਨੂੰ 28-30 ਤਾਪਮਾਨ 'ਤੇ 4-5 ਦਿਨਾਂ ਲਈ ਖਮੀਰੀਕਰਨ ਵਾਸਤੇ ਰੱਖਿਆ ਜਾਂਦਾ ਹੈ। ਖੰਡ ਦੀ ਘਣਤਾ 0 ਹੋਣ 'ਤੇ ਤਿਆਰ ਅਲਕੋਹਲ ਨੂੰ ਅਲੱਗ ਕਰਕੇ ਬੈਕਟੀਰੀਆ (5%) ਅਤੇ 10% ਮਦਰ ਸਿਰਕੇ ਨਾਲ ਜਾਗ ਲਗਾਇਆ ਜਾਂਦਾ ਹੈ। ਇਸ ਮਿਸ਼ਰਣ ਨੂੰ 28-30 ਤਾਪਮਾਨ 'ਤੇ 2-3 ਹਫ਼ਤੇ ਲਈ ਖਮੀਰੀਕਰਨ ਲਈ ਰੱਖਿਆ ਜਾਂਦਾ ਹੈ। ਇਸ ਖਮੀਰੀਕਰਨ ਤੋਂ ਬਾਅਦ ਸਿਰਕੇ ਨੂੰ ਬੋਤਲ ਬੰਦ ਕਰਕੇ ਪਾਸਚਰੀਕਰਨ ਲਈ 60-65 ਦਰਜੇ ਤਾਪਮਾਨ 'ਤੇ 20 ਮਿੰਟਾਂ ਲਈ ਰੱਖਿਆ ਜਾਂਦਾ ਹੈ।

## ਕੁਦਰਤੀ ਸਿਰਕਾ ਉਤਪਾਦਨ ਦੀ ਲਾਗਤ

ਕੁਦਰਤੀ ਸਿਰਕੇ ਦੀ ਮੰਗ ਦਿਨੋਂ-ਦਿਨ ਵੱਧ ਰਹੀ ਹੈ। ਗੰਨਾ ਅਤੇ ਅੰਗੂਰ ਦਾ ਸਿਰਕਾ ਬਾਜ਼ਾਰ ਵਿੱਚ ਕ੍ਰਮਵਾਰ 100 ਤੋਂ 150 ਰੁਪਏ ਪ੍ਰਤੀ ਲੀਟਰ ਵਿੱਚ ਵੇਚਿਆ ਜਾਂਦਾ ਹੈ, ਜਦਕਿ ਸੇਬ ਦਾ ਸਿਰਕਾ 500-1000 ਰੁਪਏ ਪ੍ਰਤੀ ਲੀਟਰ ਦੇ ਹਿਸਾਬ ਨਾਲ ਮਹਿੰਗਾ ਹੈ। ਕੁਦਰਤੀ ਸਿਰਕੇ ਦੇ ਉਤਪਾਦਨ ਦੀ ਲਾਗਤ ਉਤਪਾਦਨ ਯੂਨਿਟ ਦੇ ਪੈਮਾਨੇ ਨਾਲ ਬਦਲਦੀ ਹੈ, ਜੋ ਘਰੇਲੂ (10-50 ਲੀਟਰ), ਕਾਟੇਜ (50 ਲੀਟਰ ਤੋਂ ਵੱਧ) ਅਤੇ ਛੋਟੇ ਪੈਮਾਨੇ (1000 ਲੀਟਰ ਤੇ ਹੋਰ) ਦੀ ਹੋ ਸਕਦੀ ਹੈ। ਇਨਪੁਟ ਲਾਗਤਾਂ ਵਿੱਚ ਰਸ ਅਤੇ ਕੱਚਾ ਮਾਲ, ਫਰਮੈਂਟੇਸ਼ਨ ਅਤੇ ਪ੍ਰੋਸੈਸਿੰਗ ਦੇ ਖ਼ਰਚੇ ਸ਼ਾਮਿਲ ਹੁੰਦੇ ਹਨ। ਜਿਵੇਂ ਕਿ ਇੱਕ ਰੀਸਾਈਕਲ ਕੀਤੀ ਘਰੇਲੂ ਪੈਮਾਨੇ ਦੀ ਪ੍ਰਕਿਰਿਆ ਵਿੱਚ ਗੰਨੇ ਦਾ ਸਿਰਕਾ ਪਹਿਲੇ ਬੈਚ ਦੌਰਾਨ ਲਗਭਗ 36 ਦਿਨਾਂ ਵਿੱਚ ਤਿਆਰ ਹੁੰਦਾ ਹੈ। ਰੀਸਾਈਕਲ ਕੀਤੇ ਕਲਚਰ ਦੀ ਵਰਤੋਂ ਕਰਕੇ ਪੰਜ ਹੋਰ ਬੈਚ ਤਿਆਰ ਕੀਤੇ ਜਾ ਸਕਦੇ ਹਨ, ਜਿਸ ਵਿੱਚ ਕੁੱਲ ਛੇ ਬੈਚ 81 ਦਿਨਾਂ ਵਿੱਚ ਤਿਆਰ ਕੀਤੇ ਜਾਂਦੇ ਹਨ। 250 ਲੀਟਰ ਗੰਨੇ ਦੇ ਰਸ ਤੋਂ 750 ਮਿਲੀਲਿਟਰ ਸਮਰੱਥਾ ਦੀਆਂ ਕੁੱਲ 225 ਬੋਤਲਾਂ ਤਿਆਰ ਕੀਤੀਆਂ ਜਾ ਸਕਦੀਆਂ ਹਨ। 225 ਬੋਤਲਾਂ ਦੇ ਉਤਪਾਦਨ ਦੀ ਲਾਗਤ ਲਗਭਗ 10,075/- ਰੁਪਏ ਆਉਂਦੀ ਹੈ ਅਤੇ ਪ੍ਰਤੀ ਬੋਤਲ ਲਾਗਤ 45/- ਰੁਪਏ ਹੈ। ਫ਼ਲਾਂ ਤੋਂ ਸਿਰਕੇ ਦੇ ਉਤਪਾਦਨ ਵਿੱਚ 130 ਲੀਟਰ ਅੰਗੂਰ ਦੇ ਰਸ ਤੋਂ 650 ਮਿ.ਲੀ. ਸਮਰੱਥਾ ਦੀਆਂ 120 ਬੋਤਲਾਂ ਤਿਆਰ ਕੀਤੀਆਂ ਜਾ ਸਕਦੀਆਂ ਹਨ। 120 ਬੋਤਲਾਂ ਦੇ ਉਤਪਾਦਨ ਦੀ ਲਾਗਤ 7560 ਰੁਪਏ ਆਉਂਦੀ ਹੈ ਅਤੇ ਪ੍ਰਤੀ ਬੋਤਲ ਔਸਤ ਲਾਗਤ 63 ਰੁਪਏ ਹੈ। ਸੇਬ ਤੇ ਗੰਨੇ ਦੇ ਮਿਸ਼ਰਣ ਵਾਲੇ ਸੇਬ ਦੇ ਸਿਰਕੇ ਵਿੱਚ 35 ਲੀਟਰ ਰਸ ਤੋਂ 200 ਮਿ. ਲੀ. ਸਮਰੱਥਾ ਦੀਆਂ ਕੁੱਲ 125 ਬੋਤਲਾਂ ਤਿਆਰ ਕੀਤੀਆਂ ਜਾ ਸਕਦੀਆਂ ਹਨ, ਇਸ ਵਿੱਚ ਕ੍ਰਮਵਾਰ 36.64 ਤੇ 29.2 ਰੁਪਏ ਪ੍ਰਤੀ ਬੋਤਲ ਖ਼ਰਚਾ ਆਉਂਦਾ ਹੈ। ਜਾਮਣ ਦੇ ਸਿਰਕੇ ਨੂੰ 28 ਦਿਨਾਂ ਵਿੱਚ ਬੈਚ ਫਰਮੈਂਟੇਸ਼ਨ ਦੁਆਰਾ ਤਿਆਰ ਕੀਤਾ ਜਾ ਸਕਦਾ ਹੈ, ਜਿਸ ਵਿੱਚ 20 ਲੀਟਰ ਜੂਸ ਤੋਂ 200 ਮਿ. ਲੀ. ਸਮਰੱਥਾ ਦੀਆਂ 70 ਬੋਤਲਾਂ ਤਿਆਰ ਕੀਤੀਆਂ ਜਾ ਸਕਦੀਆਂ ਹਨ, ਜਿਨ੍ਹਾਂ ਦੀ ਕੀਮਤ ਪ੍ਰਤੀ ਬੋਤਲ ਲਗਭਗ 36 ਰੁਪਏ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਲੋਂ ਵਿਕਸਿਤ 50 ਲੀਟਰ ਪੱਧਰ 'ਤੇ ਤਿਆਰ ਕੀਤੀ ਤਕਨੀਕ ਰਹੀਂ ਗੰਨਾ, ਅੰਗੂਰ, ਸੇਬ ਤੇ ਜਾਮਣ ਦਾ ਸਿਰਕਾ ਬਣਾਉਣ 'ਤੇ ਕ੍ਰਮਵਾਰ 60, 84,183 ਤੇ 60 ਰੁਪਏ ਪ੍ਰਤੀ ਲੀਟਰ ਖ਼ਰਚਾ ਆਉਂਦਾ ਹੈ। ਇਨ੍ਹਾਂ ਬੋਤਲਾਂ ਨੂੰ ਘੱਟੋ-ਘੱਟ ਇੱਕ ਸਾਲ ਲਈ ਸਟੋਰ ਕੀਤਾ ਜਾ ਸਕਦਾ ਹੈ।

## ਕੁਦਰਤੀ ਸਿਰਕਾ ਸਹਾਇਕ ਕਿੱਤਾ

ਗੰਨੇ ਤੇ ਅੰਗੂਰ ਦਾ ਸਿਰਕਾ ਬਾਜ਼ਾਰ ਵਿੱਚ ਕ੍ਰਮਵਾਰ ਔਸਤਨ 100 ਤੋਂ 150 ਰੁਪਏ ਪ੍ਰਤੀ ਲੀਟਰ ਮਿਲਦਾ ਹੈ, ਜਦਕਿ ਸੇਬ ਦਾ ਸਿਰਕਾ ਹੋਰ ਵੀ ਮਹਿੰਗਾ ਹੈ, ਜੋ ਕਿ 500 ਤੋਂ 1000 ਰੁਪਏ ਪ੍ਰਤੀ ਲੀਟਰ ਮਿਲਦਾ ਹੈ। ਇਸ ਕਰਕੇ ਸਿਰਕੇ ਦਾ ਵਪਾਰ ਇੱਕ ਸਹਾਇਕ ਕਿੱਤੇ ਦੇ ਤੌਰ 'ਤੇ ਕੀਤਾ ਜਾ ਸਕਦਾ ਹੈ। ਇਸ ਸੰਬੰਧੀ ਸਿਖਲਾਈ ਮਾਈਕਰੋਬਾਇਆਲੋਜੀ ਵਿਭਾਗ ਵਲੋਂ ਹਰ ਸਾਲ ਨਵੰਬਰ ਤੇ ਜੂਨ ਮਹੀਨੇ ਵਿੱਚ ਦਿੱਤੀ ਜਾਂਦੀ ਹੈ। ਪੰਜਾਬ ਖੇਤੀਬਾੜੀ ਯੂਟੀਵਰਸਿਟੀ ਵੱਲੋਂ ਸਿਰਕਾ ਤਿਆਰ ਕਰਨ ਬਾਬਤ ਇੱਕ ਕਿਤਾਬ ਵੀ ਛਾਪੀ ਗਈ ਹੈ। ਘਰੇਲੂ ਤੌਰ 'ਤੇ ਸਿਰਕਾ ਤਿਆਰ ਕਰਨ ਲਈ ਕੋਈ ਖ਼ਾਸ ਸਾਮਾਨ ਜਾਂ ਜਗ੍ਹਾ ਦੀ ਜ਼ਰੂਰਤ ਨਹੀਂ ਹੁੰਦੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਵਿਕਸਿਤ 50 ਲੀਟਰ ਪੱਧਰ 'ਤੇ ਤਿਆਰ ਕੀਤੀ ਤਕਨੀਕ ਰਾਹੀਂ ਗੰਨਾ, ਅੰਗੂਰ, ਸੇਬ ਤੇ ਜਾਮਣ ਦਾ ਸਿਰਕਾ ਬਣਾਉਣ 'ਤੇ ਕ੍ਰਮਵਾਰ 60, 84, 183 ਤੇ 60 ਰੁਪਏ ਪ੍ਰਤੀ ਲੀਟਰ ਖ਼ਰਚਾ ਆਉਂਦਾ ਹੈ। ਕੁਦਰਤੀ ਸਿਰਕੇ ਦੀ ਤਕਨਾਲੋਜੀ ਦਾ ਵੇਰਵਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੁਆਰਾ ਤਿਆਰ ਕੀਤੇ ਬੁਲੇਟਿਨ (ਕੀਮਤ 20 ਰੁਪਏ) 'ਗੰਨੇ ਅਤੇ ਫ਼ਲਾਂ ਤੋਂ ਕੁਦਰਤੀ ਸਿਰਕੇ ਦੀ ਤਿਆਰੀ' ਵਿੱਚ ਦਰਸਾਇਆ ਗਿਆ ਹੈ। ਪੀ. ਏ. ਯੂ. ਦਾ ਡਾਇਰੈਕਟੋਰੇਟ ਪਸਾਰ ਸਿੱਖਿਆ ਵਿਭਾਗ ਹਰ ਸਾਲ ਸਕਿਲ ਡਿਵੈਲਪਮੈਂਟ 'ਤੇ ਇਨ੍ਹਾਂ ਉਤਪਾਦਾਂ ਦੀ ਸਿਖਲਾਈ ਪ੍ਰਦਾਨ ਕਰਦਾ ਹੈ। ਇਹ ਤਕਨਾਲੋਜੀਆਂ ਖਰੀਦ ਵਾਸਤੇ ਪੀ. ਏ. ਯੂ. ਤਕਨਾਲੋਜੀ ਮਾਰਕੀਟਿੰਗ ਅਤੇ ਪੇਟੇਂਟਿੰਗ ਸੈੱਲ ਕੋਲ ਉਪਲਬਧ ਹਨ।



# ਕਣਕ ਦੇ ਵਧੇਰੇ ਝਾੜ ਲਈ ਗੁੱਲੀ-ਡੰਡੇ ਦਾ ਖਾਤਮਾ ਜ਼ਰੂਰੀ

ਪੰਜਾਬ ਵਿੱਚ ਕਣਕ-ਝੋਨਾ ਫ਼ਸਲੀ ਚੱਕਰ ਪ੍ਰਧਾਨ ਹੈ। ਕਣਕ ਦੀ ਕਾਸ਼ਤ 35 ਲੱਖ ਹੈਕਟੇਅਰ ਤੇ ਝੋਨੇ ਦੀ ਲਗਭਗ 32 ਲੱਖ ਹੈਕਟੇਅਰ ਰਕਬੇ 'ਤੇ ਕੀਤੀ ਜਾਂਦੀ ਹੈ। ਝੋਨੇ ਦੀ ਫ਼ਸਲ ਲੈਣ ਲਈ ਹੜ੍ਹਾਂ, ਮੀਹਾਂ, ਬਿਮਾਰੀਆਂ ਤੇ ਚਾਈਨਾ



ਭਗਵਾਨ ਦਾਸ

ਵਾਇਰਸ (ਬੂਟੇ ਦਾ ਮਧਰਾਪਣ) ਅਤੇ ਮੰਡੀਕਰਨ ਵਿੱਚ ਦਰਪੇਸ਼ ਮੁਸ਼ਕਿਲਾਂ ਦਾ ਸਾਹਮਣਾ ਕਰਨ ਤੋਂ ਬਾਅਦ ਕਿਸਾਨਾਂ ਨੇ ਬੜਾ ਹੰਭਲਾ ਮਾਰ ਕੇ ਕਣਕ (ਕੁੱਝ ਰਕਬਾ ਛੱਡ ਕੇ ਜੋ ਮਟਰਾਂ, ਆਲੂਆਂ, ਸਬਜ਼ੀਆਂ ਅਤੇ ਗੰਨੇ ਜਾਂ ਥੋੜ੍ਹਾ ਬਹੁਤਾ ਕਪਾਹ ਪੱਟੀ ਵਿੱਚ ਹੈ) ਤਕਰੀਬਨ ਬੀਜ ਲਈ ਹੈ। ਬਿਜਾਈ ਤੋਂ ਬਿਨਾਂ ਜੋ ਹੁਣ ਥੋੜ੍ਹਾ ਜਿਹਾ ਰਕਬਾ ਹੈ, ਉਹ ਐਚਡੀ-3298, ਪੀਬੀਡਬਲਿਊ-771 ਤੇ



ਪੀਬੀਡਬਲਿਊ-753 ਜਿਹੀਆਂ ਪਿਛੇਤੀ ਬਿਜਾਈ ਲਈ ਸਿਫ਼ਾਰਸ਼ ਕੀਤੀਆਂ ਕਿਸਮਾਂ ਨਾਲ ਦਸੰਬਰ ਦੌਰਾਨ ਜਾਂ ਮਾਮੂਲੀ ਜਿਹਾ ਜਨਵਰੀ ਸ਼ੁਰੂ ਵਿੱਚ ਬੀਜਿਆ ਜਾਵੇਗਾ। ਹੁਣ ਕਿਸਾਨ ਗੁੱਲੀ-ਡੰਡੇ ਦੀ ਸਮੱਸਿਆ ਨਾਲ ਜੂਝ ਰਹੇ ਹਨ। ਗੁੱਲੀ-ਡੰਡਾ ਇੱਕ ਅਜਿਹਾ ਅੜੀਅਲ ਨਦੀਨ ਹੈ, ਜੋ ਕਈ ਥਾਵਾਂ 'ਤੇ 40% ਤੱਕ ਝਾੜ ਘਟਾ ਦਿੰਦਾ ਹੈ। ਪਿਛਲੇ ਸਾਲਾਂ ਵਿੱਚ ਨਦੀਨਨਾਸ਼ਕਾਂ ਦੀ ਵਰਤੋਂ ਨਾਲ ਵੀ ਇਹ ਨਹੀਂ ਮਰਿਆ, ਜਿਸ ਲਈ ਕਿਸਾਨ ਘਬਰਾਹਟ ਵਿੱਚ ਹਨ।

ਕਿਸਾਨਾਂ ਨੇ ਸਾਉਣੀ ਵਿੱਚ ਝੋਨੇ ਦੀ ਫ਼ਸਲ ਤੋਂ 5500-6000 ਕਰੋੜ ਰੁਪਏ ਤੱਕ ਦਾ ਨੁਕਸਾਨ ਉਠਾ ਕੇ ਇਸ ਸਾਲ ਕਾਫ਼ੀ ਵੱਡਾ ਰਕਬਾ ਗੈਰ-ਪ੍ਰਮਾਣਿਤ ਕਿਸਮਾਂ ਦੇ ਬੀਜ ਜੋ ਉਨ੍ਹਾਂ ਨੇ ਕਣਕ ਦੇ ਤੌਰ 'ਤੇ ਆਪਣੇ ਕੋਲ ਸਟੋਰ ਕੀਤੇ ਹੋਏ ਸਨ, ਨਾਲ ਬੀਜਿਆ ਹੈ। ਇਸ ਲਈ ਇਸ ਸਾਲ ਝਾੜ ਦੇ ਘੱਟਣ ਦੀ ਸੰਭਾਵਨਾ ਹੈ। ਜੇ ਗੁੱਲੀ-ਡੰਡੇ 'ਤੇ ਕਾਬੂ ਨਾ ਪਾਇਆ ਗਿਆ ਤਾਂ ਕਣਕ ਦਾ ਝਾੜ ਹੋਰ ਘੱਟੇਗਾ। ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ. ਏ. ਯੂ. ਲੁਧਿਆਣਾ) ਨੇ ਗੁੱਲੀ-ਡੰਡੇ 'ਤੇ ਕਾਬੂ ਪਾਉਣ ਲਈ ਗੋਡੀ ਤੋਂ ਇਲਾਵਾ ਕਾਸ਼ਤਕਾਰੀ ਢੰਗਾਂ ਜਿਵੇਂ ਕਣਕ ਦੀ ਥਾਂ ਬਰਸੀਮ, ਆਲੂ, ਰਾਇਆ, ਗੋਭੀ ਸਰ੍ਹੋਂ ਆਦਿ ਬੀਜਣ ਅਤੇ ਹੋਰ ਤਕਨੀਕਾਂ ਨੂੰ ਅਪਣਾਉਣ ਤੋਂ ਇਲਾਵਾ ਕਈ ਬ੍ਰਾਂਡਾਂ ਦੇ ਨਦੀਨਨਾਸ਼ਕਾਂ ਦੀ ਵਰਤੋਂ ਦੀ ਸਿਫ਼ਾਰਸ਼ ਕੀਤੀ ਹੈ। ਜੇਕਰ ਕਣਕ ਦੀ ਬਿਜਾਈ ਮਿੱਟੀ ਦੀ ਤਹਿ ਸੁਕਾ ਕੇ ਕੀਤੀ ਜਾਵੇ ਤਾਂ ਵੀ ਗੁੱਲੀ-ਡੰਡੇ ਦੇ ਪਹਿਲੇ ਲੌ ਨੂੰ ਕਾਬੂ ਕੀਤਾ ਜਾ ਸਕਦਾ ਹੈ। ਪਰ ਕਿਸਾਨਾਂ ਵੱਲੋਂ ਇਹ ਤਕਨੀਕ ਵੀ ਨਹੀਂ ਅਪਣਾਈ ਜਾਂਦੀ। ਉਹ ਬਹੁਤਾ ਨਦੀਨਨਾਸ਼ਕਾਂ ਦੀ ਵਰਤੋਂ ਨਾਲ ਹੀ ਨਦੀਨਾਂ ਨੂੰ ਕਾਬੂ ਕਰਨ ਦਾ ਉਪਰਾਲਾ ਕਰਦੇ ਹਨ, ਜਿਸ ਨਾਲ ਉਨ੍ਹਾਂ ਦਾ ਖ਼ਰਚਾ ਵਧਦਾ ਹੈ। ਕੁੱਝ ਨਦੀਨ-ਨਾਸ਼ਕ ਜਿਨ੍ਹਾਂ ਵਿੱਚ ਟੋਸਤ, ਸਪਰੂਸ ਆਦਿ ਸ਼ਾਮਿਲ ਹਨ, ਬਿਜਾਈ ਸਮੇਂ ਨਦੀਨ ਉੱਗਣ ਤੋਂ ਪਹਿਲਾਂ ਵਰਤਣ ਲਈ ਸਿਫ਼ਾਰਸ਼ ਕੀਤੇ ਗਏ ਹਨ। ਇਹ ਨਦੀਨਨਾਸ਼ਕ ਬਿਜਾਈ ਦੇ 72 ਘੰਟੇ ਦੇ ਅੰਦਰ-ਅੰਦਰ ਛਿੜਕਾਅ ਕੀਤੇ ਜਾਣੇ ਚਾਹੀਦੇ ਹਨ।

ਬਿਜਾਈ ਵੇਲੇ ਇਨ੍ਹਾਂ ਨਦੀਨਨਾਸ਼ਕਾਂ ਲਈ ਜ਼ਮੀਨ ਵਿੱਚ ਕਾਫ਼ੀ ਨਮੀ/ਵੱਤਰ ਦੇਣੀ ਜ਼ਰੂਰੀ ਹੈ। ਬਿਜਾਈ ਸਮੇਂ ਇਨ੍ਹਾਂ ਨਦੀਨਨਾਸ਼ਕਾਂ ਦੇ ਛਿੜਕਾਅ ਲਈ ਲੱਕੀ ਸੀਡ ਡਰਿਲ ਵਰਤੀ ਜਾਵੇ ਤਾਂ ਬਿਹਤਰ ਹੋਵੇਗਾ। ਪਹਿਲੀ ਸਿੰਚਾਈ ਤੋਂ ਪਹਿਲਾਂ (ਨਦੀਨ ਉੱਗਣ ਤੋਂ ਬਾਅਦ) ਵਰਤਣ ਲਈ ਵੀ ਕੁੱਝ ਨਦੀਨਨਾਸ਼ਕ ਸਿਫ਼ਾਰਸ਼ ਕੀਤੇ ਗਏ ਹਨ। ਜਿਨ੍ਹਾਂ ਖੇਤਾਂ ਵਿੱਚ ਆਈਸੋਪ੍ਰੋਟਯੂਰਾਨ ਰਸਾਇਣਾਂ ਦੀ ਵਰਤੋਂ ਨਾਲ ਗੁੱਲੀ-ਡੰਡਾ ਨਾ ਮਰਦਾ ਹੋਵੇ, ਉੱਥੇ ਇਨ੍ਹਾਂ ਰਸਾਇਣਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਕੁੱਝ ਨਦੀਨਨਾਸ਼ਕ ਪਹਿਲੀ ਸਿੰਚਾਈ ਤੋਂ ਬਾਅਦ (ਨਦੀਨ ਉੱਗਣ ਤੋਂ ਬਾਅਦ) ਜਿਨ੍ਹਾਂ ਵਿੱਚ ਟੌਪਿਕ ਆਦਿ ਸ਼ਾਮਿਲ ਹਨ, ਵਰਤਣ ਲਈ ਸਿਫ਼ਾਰਸ਼ ਕੀਤੇ ਗਏ ਹਨ। ਘਾਹ ਅਤੇ ਚੌੜੇ ਪੱਤੇ ਵਾਲੇ ਨਦੀਨਾਂ ਦੀ ਇੱਕਠੀ ਰੋਕਥਾਮ ਲਈ 'ਟੋਟਲ' ਤੇ 'ਸ਼ਗਨ 21-11' ਆਦਿ ਦੀ ਵਰਤੋਂ ਸਿਫ਼ਾਰਸ਼ ਕੀਤੀ ਗਈ ਹੈ। ਜਿੱਥੇ ਪ੍ਰਚਲਿਤ ਨਦੀਨ-ਨਾਸ਼ਕਾਂ ਨਾਲ ਗੁੱਲੀ-ਡੰਡਾ ਨਾ ਮਰਦਾ ਹੋਵੇ, ਉੱਥੇ ਸ਼ਗਨ 21-11 ਦੀ ਵਰਤੋਂ ਲਾਭਦਾਇਕ ਰਹੇਗੀ ਪਰ ਇਸ ਨੂੰ ਉੱਨਤ ਪੀਬੀਡਬਲਿਊ-550 ਕਿਸਮ ਅਤੇ ਹਲਕੀਆਂ ਜ਼ਮੀਨਾਂ 'ਤੇ ਨਹੀਂ ਵਰਤਣਾ ਚਾਹੀਦਾ। ਜੇ ਨਦੀਨਨਾਸ਼ਕਾਂ ਦੀ ਵਰਤੋਂ ਘਟਾਉਣੀ ਹੋਵੇ ਤਾਂ ਕਣਕ ਦੀ ਬਿਜਾਈ ਹੈਪੀ ਸੀਡਰ ਨਾਲ ਕੀਤਿਆਂ ਗੁੱਲੀ-ਡੰਡੇ ਦੀ ਸਮੱਸਿਆ ਘੱਟ ਜਾਂਦੀ ਹੈ। ਸਰਬਪੱਖੀ ਨਦੀਨ ਪ੍ਰਬੰਧਨ (ਹੈਪੀ ਸੀਡਰ, ਨਦੀਨਨਾਸ਼ਕ ਤੇ ਨਦੀਨਾਂ ਨੂੰ ਪੁੱਟਣਾ) ਖੇਤ ਵਿੱਚ ਪਏ ਨਦੀਨਾਂ ਦੇ ਬੀਜਾਂ ਨੂੰ ਘਟਾਉਣ ਵਿੱਚ ਸਹਾਈ ਹੁੰਦਾ ਹੈ।

ਨਦੀਨਨਾਸ਼ਕਾਂ ਤੇ ਕੀਟਨਾਸ਼ਕਾਂ ਦੇ ਛਿੜਕਾਅ ਹਮੇਸ਼ਾ ਸਾਫ਼ ਮੌਸਮ ਵਿੱਚ ਅਤੇ ਇੱਕਸਾਰ ਕਰਨੇ ਚਾਹੀਦੇ ਹਨ। ਛਿੜਕਾਅ ਤੋਂ ਬਾਅਦ ਹਲਕਾ ਜਿਹਾ ਪਾਣੀ ਫ਼ਸਲ ਨੂੰ ਲਗਾਉਣਾ ਚਾਹੀਦਾ ਹੈ। ਮਾਹਿਰ ਕਹਿੰਦੇ ਹਨ ਕਿ ਨਦੀਨਾਂ ਵਿੱਚ ਰੋਧਣ ਸ਼ਕਤੀ ਪੈਦਾ ਹੋਣ ਤੋਂ ਰੋਕਣ ਲਈ ਨਦੀਨਨਾਸ਼ਕਾਂ ਨੂੰ ਹਰ ਸਾਲ ਅਦਲ-ਬਦਲ ਕੇ ਵਰਤਣ ਕੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜੋ ਨਦੀਨ-ਨਾਸ਼ਕ ਪਹਿਲਾਂ ਵਰਤਿਆ ਹੋਵੇ, ਉਸ ਦੇ ਨਤੀਜੇ ਨੂੰ ਮੁੱਖ ਰੱਖ ਕੇ ਨਦੀਨਨਾਸ਼ਕ ਦੀ ਚੋਣ ਕਰਨੀ ਚਾਹੀਦੀ ਹੈ। ਨਦੀਨਨਾਸ਼ਕਾਂ ਦੀ ਵਰਤੋਂ ਤੋਂ ਬਾਅਦ ਨਦੀਨਾਂ ਦੇ ਜਿਹੜੇ ਬੂਟੇ ਬਚ ਜਾਣ, ਉਨ੍ਹਾਂ ਨੂੰ ਬੀਜ ਬਣਨ ਤੋਂ ਪਹਿਲਾਂ ਹੱਥੀਂ ਪੁੱਟ ਦੇਣਾ ਚਾਹੀਦਾ ਹੈ। ਪੀ.ਏ.ਯੂ. ਤੋਂ ਸਨਮਾਨਿਤ ਧਰਮਗੜ੍ਹ (ਅਮਲੋਹ) ਦੇ ਅਗਾਂਹਵਧੂ ਕਿਸਾਨ ਬਲਬੀਰ ਸਿੰਘ ਜੜ੍ਹੀਆ ਅਨੁਸਾਰ ਜਿਨ੍ਹਾਂ ਕਿਸਾਨਾਂ ਨੇ ਲੇਜ਼ਰ ਕਰਾਹੇ ਨਾਲ ਖੇਤ ਨੂੰ ਪੱਧਰ ਕਰਾ ਕੇ ਕਣਕ ਬੀਜੀ ਹੈ, ਉੱਥੇ ਨਦੀਨਾਂ ਦੀ ਕੁੱਝ ਆਪਣੇ-ਆਪ ਰੋਕਥਾਮ ਹੋ ਗਈ ਹੈ। ਜੇ ਕਣਕ ਬੀਜਣ ਤੋਂ ਪਹਿਲਾਂ ਝੋਨੇ ਦੀ ਥਾਂ ਕੋਈ ਹੋਰ ਫ਼ਸਲ ਜਿਵੇਂ ਨਰਮਾ, ਮੱਕੀ, ਕਮਾਦ ਆਦਿ ਬੀਜੀ ਜਾਵੇ ਤਾਂ ਵੀ ਗੁੱਲੀ-ਡੰਡੇ ਤੇ ਹੋਰ ਨਦੀਨਾਂ 'ਤੇ ਕਾਬੂ ਪਾਇਆ ਜਾ ਸਕਦਾ ਹੈ।

ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਡਾਇਰੈਕਟਰ ਡਾ. ਜਸਵੰਤ ਸਿੰਘ ਕਹਿੰਦੇ ਹਨ ਕਿ ਕਿਸਾਨਾਂ ਨੂੰ ਹਮੇਸ਼ਾ ਨਦੀਨਨਾਸ਼ਕਾਂ ਦੀ ਮਾਤਰਾ ਵਿਗਿਆਨੀਆਂ ਵੱਲੋਂ ਦੱਸੇ ਅਨੁਸਾਰ ਕਰਨੀ ਚਾਹੀਦੀ ਹੈ। ਸਿਫ਼ਾਰਸ਼ ਨਾਲ ਘੱਟ ਮਾਤਰਾ ਵਰਤਣ 'ਤੇ ਨਦੀਨਾਂ ਦੀ ਰੋਕਥਾਮ ਚੰਗੀ ਨਹੀਂ ਹੁੰਦੀ ਤੇ ਵੱਧ ਮਾਤਰਾ ਵਰਤਣ ਨਾਲ ਕਣਕ ਦੀ ਫ਼ਸਲ ਨੂੰ ਨੁਕਸਾਨ ਪਹੁੰਚ ਸਕਦਾ ਹੈ। ਪੀ.ਏ.ਯੂ. ਮਾਹਿਰਾਂ ਅਨੁਸਾਰ ਕਿਸਾਨਾਂ ਨੂੰ ਆਪਣੇ ਤੌਰ 'ਤੇ ਦੋ ਜਾਂ ਜ਼ਿਆਦਾ ਨਦੀਨਨਾਸ਼ਕ ਮਿਲਾ ਕੇ ਮਾਹਿਰਾਂ ਦੀ ਸਲਾਹ ਬਿਨਾਂ ਨਹੀਂ ਵਰਤਣੇ ਚਾਹੀਦੇ। ਖੜ੍ਹੀ ਫ਼ਸਲ 'ਤੇ ਵਰਤੇ ਜਾਣ ਵਾਲੇ ਨਦੀਨਨਾਸ਼ਕਾਂ ਦਾ ਛਿੜਕਾਅ ਕਰਨ ਲਈ 'ਕੱਟ' ਵਾਲੀ ਨੋਜ਼ਲ ਵਰਤਣੀ ਚਾਹੀਦੀ ਹੈ। ਗੋਲ ਨੋਜ਼ਲ ਵਰਤਣ ਨਾਲ ਛਿੜਕਾਅ ਇੱਕਸਾਰ ਨਹੀਂ ਹੁੰਦਾ ਅਤੇ ਨਤੀਜੇ ਠੀਕ ਨਹੀਂ ਮਿਲਦੇ। ਨਦੀਨਾਂ ਦੇ ਵੱਡੇ ਬੂਟਿਆਂ ਵਿੱਚ ਨਦੀਨਨਾਸ਼ਕ ਨੂੰ ਸਹਿਣ ਦੀ ਸ਼ਕਤੀ ਵੱਧ ਜਾਂਦੀ ਹੈ ਅਤੇ ਕਿਸਾਨਾਂ ਨੂੰ ਨਤੀਜੇ ਪੂਰੇ ਨਹੀਂ ਮਿਲਦੇ। ਇਸ ਸੰਬੰਧੀ ਕਿਸਾਨਾਂ ਨੂੰ ਪੀ. ਏ. ਯੂ. ਦੀਆਂ ਸਿਫ਼ਾਰਸ਼ਾਂ 'ਤੇ ਅਮਲ ਕਰਨਾ ਚਾਹੀਦਾ ਹੈ ਤੇ ਵਿਭਾਗ ਦੇ ਮਾਹਿਰਾਂ ਦੀ ਸਲਾਹ ਨਾਲ ਹੀ ਛਿੜਕਾਅ ਕਰਨੇ ਚਾਹੀਦੇ ਹਨ। ਡਾਇਰੈਕਟਰ ਜਸਵੰਤ ਸਿੰਘ ਅਨੁਸਾਰ ਸਮੇਂ ਦੀ ਸਹੀ ਚੋਣ ਨਦੀਨ 'ਤੇ ਕਾਬੂ ਪਾਉਣ ਲਈ ਬਹੁਤ ਜ਼ਰੂਰੀ ਹੈ।




No. 1
RURAL WEEKLY

Now Think Before Advertising
KHETI DUNIYAN RETAINS
LEADERSHIP
IN
READERSHIP



KHETI DUNIYAN
VOICE OF THE FARMERS

KD COMPLEX, GAUSHALA ROAD, NEAR SHER-E-PUNJAB MARKET, PATIALA-147001 (PB.) INDIA
Mob. 90410-14575
khetiduniyan1983@gmail.com

# ਸਵੈ-ਮਾਣ ਦੀ ਤਾਕਤ

ਸਵੈ-ਮਾਣ ਦੀ ਮਨੁੱਖੀ ਜੀਵਨ ਵਿੱਚ ਆਪਣੀ ਮਹੱਤਤਾ ਹੈ। ਸਵੈ-ਮਾਣ ਜਾਂ ਆਤਮ ਸਨਮਾਨ, ਇਸ ਸੰਬੰਧੀ ਚੇਤਨਤਾ ਤੁਹਾਡੇ ਸਜਗ ਹੋਣ ਦੀ, ਤੁਹਾਡੇ ਜ਼ਿੰਦਾ ਹੋਣ ਦੀ ਨਿਸ਼ਾਨੀ ਹੈ। ਆਪਣੀਆਂ ਖ਼ੁਦ ਦੀਆਂ ਨਜ਼ਰਾਂ ਵਿੱਚ ਆਪਣਾ ਸਨਮਾਨ ਕਰਨਾ ਹੀ, ਇਸ ਦੀ ਬੁਨਿਆਦ ਨੂੰ, ਨੀਂਹ ਨੂੰ ਮਜ਼ਬੂਤੀ ਪ੍ਰਦਾਨ ਕਰਦਾ ਹੈ। ਸਵੈ-ਮਾਣ ਆਪਣੇ-ਆਪ ਵਿੱਚ ਵਿਸ਼ਵਾਸ ਅਤੇ ਆਪਣੇ-ਆਪ ਨੂੰ ਮਾਣ ਨਾਲ ਪੇਸ਼ ਲਿਆਉਣ ਦੀ ਲੀਹ ਹੈ, ਜੋ ਕਿ ਵਧੇਰੇ ਤੰਦਰੁਸਤੀ ਅਤੇ ਮਜ਼ਬੂਤ ਸੰਬੰਧਾਂ ਵੱਲ ਲੈ ਜਾਂਦੀ ਹੈ। ਇਸ ਵਿੱਚ ਸੀਮਾਵਾਂ ਨਿਰਧਾਰਤ ਕਰਨਾ, ਨਿੱਜੀ ਕਦਰਾਂ-ਕੀਮਤਾਂ ਪ੍ਰਤੀ ਸੱਚਾ ਰਹਿਣਾ ਅਤੇ ਨਿੱਜੀ ਖ਼ੁਦਮੁਖ਼ਤਿਆਰੀ ਅਤੇ ਵਿਸ਼ਵਾਸ ਦੀ ਭਾਵਨਾ ਵਿਕਸਤ ਕਰਨਾ ਸ਼ਾਮਲ ਹੈ। ਤੁਹਾਡਾ ਸਵੈ-ਮੁੱਲ ਕਿਸੇ ਹੋਰ ਦੀ ਪ੍ਰਵਾਨਗੀ 'ਤੇ ਨਿਰਭਰ ਨਹੀਂ ਕਰਦਾ।

ਸਤਿਕਾਰ ਉਹ ਚੀਜ਼ ਹੈ ਜੋ ਤੁਸੀਂ ਆਪਣੇ-ਆਪ ਨੂੰ ਦਿੰਦੇ ਹੋ, ਕੋਈ ਵੀ ਇਸਨੂੰ ਖੋਹ ਨਹੀਂ ਸਕਦਾ। ਹਮੇਸ਼ਾ ਆਪਣੀ ਇੱਜ਼ਤ ਬਣਾਈ ਰੱਖੋ, ਭਾਵੇਂ ਕੋਈ ਵੀ ਸਥਿਤੀ ਹੋਵੇ। ਸੱਚਾ ਸਤਿਕਾਰ ਆਪਣੀਆਂ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣ ਨਾਲ ਆਉਂਦਾ ਹੈ। ਜਦੋਂ ਅਸੀਂ ਆਪਣੇ ਬਾਰੇ ਚੰਗਾ ਸੋਚਦੇ ਹਾਂ, ਸਕਾਰਾਤਮਕ ਸੋਚ ਰੱਖਦੇ ਹਾਂ ਅਤੇ ਹਮੇਸ਼ਾ ਆਤਮਾ ਦੀ ਆਵਾਜ਼ ਸੁਣ ਕੇ ਨੇਕ ਭਲੇ ਕਰਮ ਕਰਦੇ ਹਾਂ ਤਾਂ ਇਸ ਨਾਲ ਸਾਡੇ ਅੰਦਰ ਆਤਮ ਸੰਤੁਸ਼ਟੀ ਅਤੇ ਆਤਮ-ਵਿਸ਼ਵਾਸ ਪੈਦਾ ਹੁੰਦਾ ਹੈ, ਖ਼ੁਦ ਲਈ ਸਤਿਕਾਰ ਪੈਦਾ ਹੁੰਦਾ ਹੈ। ਆਪਣੇ-ਆਪ ਬਾਰੇ ਉੱਤਮ ਅਤੇ ਚੰਗੀ ਸੋਚ ਰੱਖਣ ਨਾਲ ਆਤਮ ਸਨਮਾਨ ਦੀ ਪ੍ਰਾਪਤੀ ਹੁੰਦੀ ਹੈ। ਸਾਡੇ ਆਪਣੇ ਲੁਕਵੇਂ ਆਪੇ (ਸ਼ਖ਼ਸੀਅਤ) ਅਤੇ ਵਾਸਤਵਿਕ ਆਪੇ ਬਾਰੇ ਵਿਚਾਰਾਂ ਵਿੱਚ ਮੇਲ ਨਾਲ ਸਾਡਾ ਸਨਮਾਨ ਬਣਦਾ ਹੈ, ਜੋ ਕਿ ਸਾਡੀਆਂ ਆਪੇ ਬਾਰੇ ਭਾਵਨਾਵਾਂ ਦੇ ਸਕਾਰਾਤਮਕ ਜਾਂ ਨਕਾਰਾਤਮਕ ਹੋਣ ਉੱਤੇ ਨਿਰਭਰ ਕਰਦਾ ਹੈ। ਸਾਡਾ ਸ਼ੀਸ਼ੇ ਵਿੱਚੋਂ ਵੇਖਿਆ ਆਪਾ ਵੀ ਸਾਡੇ ਆਤਮ ਸਨਮਾਨ ਨੂੰ ਪ੍ਰਭਾਵਿਤ ਕਰਦਾ ਹੈ।



ਗੋਬਿੰਦਰ ਸਿੰਘ ਢੀਂਡਸਾ
ਪਿੰਡ ਤੇ ਡਾਕ. ਬਰੜ੍ਹਵਾਲ (ਧੂਰੀ)
ਮੋਬਾਇਲ : 92560-66000

ਗੁੱਸਾ ਬਹੁਤ ਚਲਾਕ ਹੁੰਦਾ ਹੈ ਕਿ ਉਹ ਜ਼ਿਆਦਾਤਰ ਆਪਣੇ ਤੋਂ ਕਮਜ਼ੋਰ ਤੇ ਨਿਕਲਦਾ ਹੈ, ਓਦਾਂ ਹੀ ਹੰਕਾਰ (ਈਗੋ) ਅਤੇ ਸਵੈ-ਮਾਣ (ਸੈਲਫ਼ ਰਿਸਪੈਕਟ) ਵਿੱਚ ਵੀ ਬਹੁਤ ਬਾਰੀਕ ਰੇਖਾ ਜਿੰਨਾ ਹੀ ਅੰਤਰ ਹੁੰਦਾ ਹੈ। ਜੇਕਰ ਤੁਸੀਂ ਆਪਣੇ ਤੋਂ ਕਮਜ਼ੋਰ ਅੱਗੇ ਆਤਮ ਸਨਮਾਨ ਦੀ ਮੰਗ ਕਰਦੇ ਹੋ ਤਾਂ ਉਹ ਆਤਮ ਸਨਮਾਨ ਨਾ ਹੋ ਕੇ ਹੰਕਾਰ ਦਾ ਰੂਪ ਧਾਰ ਜਾਂਦਾ ਹੈ ਅਤੇ ਅਸਲ ਵਿੱਚ ਇਹ ਆਪਣੇ ਤੋਂ ਤਾਕਤਵਰ ਸਾਹਮਣੇ ਹੀ ਸਹੀ ਰੂਪ ਵਿੱਚ ਪੇਸ਼ ਆਉਂਦਾ ਹੈ, ਉੱਥੇ ਇੱਕ ਸਵੈ-ਮਾਣੀ ਇਨਸਾਨ ਦੀਆਂ ਲੱਤਾਂ ਹੀ ਇਹ ਭਾਰ ਚੁੱਕ ਸਕਦੀਆਂ ਹਨ। ਇਤਿਹਾਸ ਉਨ੍ਹਾਂ 'ਤੇ ਹੱਸਦਾ ਹੈ ਜੋ ਆਪਣੇ ਆਪ ਦਾ ਸਤਿਕਾਰ ਗੁਆ ਦਿੰਦੇ ਹਨ।

ਤੁਹਾਡਾ ਸਵੈ-ਮਾਣ ਸਭ ਤੋਂ ਮਹੱਤਵਪੂਰਨ ਚੀਜ਼ ਹੈ, ਇਹ ਦੂਜਿਆਂ ਦੀ ਖ਼ੁਸ਼ੀ ਤੋਂ ਪਹਿਲਾਂ ਆਉਂਦੀ ਹੈ। ਆਪਣੇ-ਆਪ ਦੀ ਕਦਰ ਕਰਨ ਵਾਲਾ ਵਿਅਕਤੀ ਕਦੇ ਵੀ ਦਬਾਅ ਅੱਗੇ ਨਹੀਂ ਝੁਕਦਾ। ਸਵੈ-ਮਾਣ ਦੀ ਘਾਟ, ਘੱਟ ਸਵੈ-ਮਾਣ ਦਾ ਕਾਰਨ ਬਣ ਸਕਦੀ ਹੈ ਅਤੇ ਮਾਨਸਿਕ ਸਿਹਤ 'ਤੇ ਨਕਾਰਾਤਮਕ ਪ੍ਰਭਾਵ ਪਾ ਸਕਦੀ ਹੈ, ਜਦੋਂ ਕਿ ਇਹ ਸਵੈ-ਸੰਭਾਲ ਦਾ ਇੱਕ ਰੂਪ ਹੈ, ਇਹ ਮਾਨਸਿਕ ਸਿਹਤ ਨੂੰ ਵਧਾਉਂਦਾ ਹੈ ਅਤੇ ਦੂਜਿਆਂ ਨਾਲ ਨੁਕਸਾਨਦੇਹ ਤੁਲਨਾਵਾਂ ਨੂੰ ਰੋਕਦਾ ਹੈ। ਸਵੈ-ਮਾਣ ਇੱਕ ਅੰਦਰੂਨੀ ਮਾਰਗਦਰਸ਼ਕ ਵਜੋਂ ਕੰਮ ਕਰਦਾ ਹੈ, ਤੁਹਾਨੂੰ ਆਪਣੇ ਵਿਸ਼ਵਾਸਾਂ 'ਤੇ ਕਾਇਮ ਰਹਿਣ ਦਾ ਵਿਸ਼ਵਾਸ ਦਿੰਦਾ ਹੈ ਅਤੇ ਆਲੋਚਨਾ ਦਾ ਸਾਹਮਣਾ ਕਰਦੇ ਸਮੇਂ ਵੀ ਅੰਦਰੂਨੀ ਸ਼ਾਂਤੀ ਦੀ ਭਾਵਨਾ ਪ੍ਰਦਾਨ ਕਰਦਾ ਹੈ।

ਵਿਸ਼ਵਾਸ ਅਤੇ ਸਵੈ-ਵਿਸ਼ਵਾਸ ਨੂੰ ਵਧਾ ਕੇ, ਸਵੈ-ਮਾਣ ਤੁਹਾਨੂੰ ਜ਼ਿੰਦਗੀ ਦੀਆਂ ਰੁਕਾਵਟਾਂ ਦਾ ਸਾਹਮਣਾ ਕਰਨ ਅਤੇ ਗਤੀ ਬਣਾਈ ਰੱਖਣ ਵਿੱਚ ਮਦਦ ਕਰਦਾ ਹੈ। ਸਵੈ-ਮਾਣ ਤੁਹਾਡੇ ਆਪਣੇ ਸਿਧਾਂਤਾਂ ਅਤੇ ਕਦਰਾਂ-ਕੀਮਤਾਂ 'ਤੇ ਅਧਾਰਤ ਹੈ, ਨਾ ਕਿ ਬਾਹਰੀ ਪ੍ਰਮਾਣਿਕਤਾ 'ਤੇ ਜਿਵੇਂ ਦੂਸਰੇ ਤੁਹਾਨੂੰ ਜਾਂ ਤੁਹਾਡੀਆਂ ਪ੍ਰਾਪਤੀਆਂ ਨੂੰ ਸਮਝਦੇ ਹਨ। ਸਵੈ-ਮਾਣ ਖ਼ੁਦਮੁਖ਼ਤਿਆਰੀ, ਆਜ਼ਾਦੀ ਅਤੇ ਸਵੈ-ਨਿਯੰਤਰਣ ਨੂੰ ਉਤਸ਼ਾਹਿਤ ਕਰਦਾ ਹੈ, ਤੁਹਾਨੂੰ ਅਜਿਹੇ ਫ਼ੈਸਲੇ ਲੈਣ ਵਿੱਚ ਮਦਦ ਕਰਦਾ ਹੈ ਜੋ ਤੁਹਾਡੇ ਨਾਲ ਮੇਲ ਖਾਂਦੇ ਹਨ, ਭਾਵੇਂ ਚੁਣੌਤੀਆਂ ਜਾਂ ਵੱਖ-ਵੱਖਰੇ ਵਿਚਾਰਾਂ ਦਾ ਸਾਹਮਣਾ ਕਰਨਾ ਪਵੇ।

ਸਵੈ-ਮਾਣ ਮਜ਼ਬੂਤ ਰਿਸ਼ਤੇ ਬਣਾਉਂਦਾ ਹੈ। ਜੋ ਲੋਕ ਆਪਣੇ-ਆਪ ਦਾ ਸਤਿਕਾਰ ਕਰਦੇ ਹਨ ਉਹ ਅਕਸਰ ਵਧੇਰੇ ਭਰੋਸੇਮੰਦ ਹੁੰਦੇ ਹਨ ਅਤੇ ਸਿਹਤਮੰਦ ਸੀਮਾਵਾਂ ਨਿਰਧਾਰਤ ਕਰਨ ਦੇ ਬਿਹਤਰ ਯੋਗ ਹੁੰਦੇ ਹਨ, ਜਿਸ ਨਾਲ ਉਨ੍ਹਾਂ ਨੂੰ ਦੂਜਿਆਂ ਤੋਂ ਸਤਿਕਾਰ ਮਿਲ ਸਕਦਾ ਹੈ। ਤੁਹਾਡਾ ਸਵੈ-ਮੁੱਲ ਹੀ ਤੁਹਾਨੂੰ ਦੂਜਿਆਂ ਤੋਂ ਵੱਖਰਾ ਬਣਾਉਂਦਾ ਹੈ।

ਤੁਹਾਡੀ ਸੋਚ ਹੀ ਤੁਹਾਡੀ ਅਸਲ ਸ਼ਕਤੀ ਹੈ। ਅੰਦਰ ਦੀ ਸ਼ਕਤੀ ਨੂੰ ਪਛਾਣੋ, ਇਹ ਤੁਹਾਨੂੰ ਨਿਡਰ ਬਣਾਉਂਦੀ ਹੈ। ਹਰ ਇਨਸਾਨ ਨੂੰ ਕੁੱਝ ਨਾ ਕੁੱਝ ਸੀਮਾਵਾਂ ਨਿਰਧਾਰਤ ਕਰਨੀਆਂ ਚਾਹੀਦੀਆਂ ਹਨ। ਉਹਨਾਂ ਬੇਨਤੀਆਂ ਨੂੰ ਨਾਂਹ ਕਹਿਣਾ ਸਿੱਖੋ ਜੋ ਤੁਹਾਡੀ ਭਲਾਈ ਲਈ ਸਮਝੌਤਾ ਕਰਦੀਆਂ ਹਨ ਜਾਂ ਜਿਨ੍ਹਾਂ ਦਾ ਦੂਜਿਆਂ ਦੁਆਰਾ ਲਗਾਤਾਰ ਫ਼ਾਇਦਾ ਉਠਾਇਆ ਜਾਂਦਾ ਹੈ। ਸਵੈ-ਹਮਦਰਦੀ ਦਾ ਅਭਿਆਸ ਕਰੋ। ਆਪਣੀਆਂ ਕਮੀਆਂ ਨੂੰ ਸਵੀਕਾਰ ਕਰੋ, ਕਿਉਂਕਿ ਗਲਤੀਆਂ ਕਰਨ ਨਾਲ ਤੁਸੀਂ ਸਤਿਕਾਰ ਦੇ ਯੋਗ ਨਹੀਂ ਹੋ ਜਾਂਦੇ।

ਆਪਣੀ ਕੀਮਤ ਸਮਝੋ, ਤਾਂ ਹੀ ਦੂਸਰੇ ਵੀ ਤੁਹਾਡੀ ਕੀਮਤ ਜਾਣ ਸਕਣਗੇ। ਆਪਣੀਆਂ ਕਦਰਾਂ-ਕੀਮਤਾਂ ਅਨੁਸਾਰ ਜੀਓ। ਕਹਿਣੀ ਅਤੇ ਕਥਨੀ ਦੇ ਪੂਰੇ ਹੋਣਾ ਵੀ ਇੱਕ ਸਵੈ-ਮਾਣੀ ਇਨਸਾਨੀ ਦੀ ਪ੍ਰਮੁੱਖ ਨਿਸ਼ਾਨੀ ਹੈ। ਅਜਿਹੇ ਫ਼ੈਸਲੇ ਲਓ ਜੋ ਤੁਹਾਡੇ ਵਿਸ਼ਵਾਸਾਂ ਦੇ ਅਨੁਸਾਰ ਹੋਣ ਤਾਂ ਜੋ ਵਧੇਰੇ ਸੰਤੁਸ਼ਟ ਅਤੇ ਆਤਮਵਿਸ਼ਵਾਸੀ ਮਹਿਸੂਸ ਹੋ ਸਕੇ। ਆਪਣੇ-ਆਪ ਨੂੰ ਬਿਹਤਰ ਬਣਾਉਣ ਦੀ ਕੋਸ਼ਿਸ਼ ਕਰੋ ਪਰ ਪ੍ਰਵਾਨਗੀ ਪ੍ਰਾਪਤ ਕਰਨ ਲਈ ਆਪਣੀ ਪਛਾਣ ਬਦਲਣ ਤੋਂ ਬਚੋ। ਆਪਣੇ ਚਰਿੱਤਰ, ਹੁਨਰ ਅਤੇ ਯੋਗਤਾਵਾਂ 'ਤੇ ਧਿਆਨ ਕੇਂਦਰਿਤ ਕਰੋ।

ਸਵੈ-ਮਾਣ ਦੀ ਤਾਕਤ ਨੂੰ ਪਛਾਨਣਾ ਚਾਹੀਦਾ ਹੈ ਅਤੇ ਆਪਣੇ ਸਵੈ-ਮਾਣ ਨਾਲ ਸਮਝੌਤੇ ਕਰਨ ਤੋਂ ਬੱਚਣਾ ਚਾਹੀਦਾ ਹੈ। ਸਵੈ-ਮਾਣ ਨਾਲ ਕੀਤਾ ਸਮਝੌਤਾ ਅਕਸਰ ਆਤਮਿਕ ਅਤੇ ਮਾਨਸਿਕ ਪੀੜਾ ਦਾ ਕਾਰਨ ਬਣਦਾ ਹੈ। ਸਵੈ-ਮਾਣ ਤੁਹਾਨੂੰ ਆਪਣੀ ਜ਼ਿੰਦਗੀ ਅਤੇ ਪ੍ਰਾਪਤੀਆਂ ਦੀ ਤੁਲਨਾ ਦੂਜੇ ਲੋਕਾਂ ਨਾਲ ਕਰਨ ਤੋਂ ਰੋਕਣ ਵਿੱਚ ਮਦਦ ਕਰਦਾ ਹੈ, ਖਾਸ ਕਰਕੇ ਸੋਸ਼ਲ ਮੀਡੀਆ ਦੇ ਯੁੱਗ ਵਿੱਚ। ਜੇ ਤੁਸੀਂ ਆਪਣਾ ਸਤਿਕਾਰ ਨਹੀਂ ਕਰ ਸਕਦੇ, ਤਾਂ ਕੋਈ ਹੋਰ ਕਿਵੇਂ ਕਰ ਸਕਦਾ ਹੈ? ਤੁਹਾਨੂੰ ਆਪਣੀ ਕਦਰ ਕਰਨੀ ਚਾਹੀਦੀ ਹੈ ਭਾਵੇਂ ਕੋਈ ਹੋਰ ਨਾ ਕਰੇ।

ਬਾਕੀ ਸਫ਼ਾ 2 ਦੀ

## ਆਲੂਆਂ ਨੂੰ ਝੁਲਸ ਰੋਗ ਤੋਂ ਬਚਾਓ

ਬਾਅਦ ਇਸ ਰੋਗ ਲਈ ਸਮੇਂ-ਸਮੇਂ ਤੇ ਨਿਰੀਖਣ ਕਰਦੇ ਰਹਿਣਾ ਚਾਹੀਦਾ ਹੈ ਤਾਂ ਜੋ ਖੇਤ ਵਿੱਚ ਝੁਲਸ ਰੋਗ ਦੇ ਲੱਛਣਾਂ ਦਾ ਪਤਾ ਲੱਗ ਸਕੇ।

**ਸਮੇਂ ਸਿਰ ਉੱਲੀਨਾਸ਼ਕਾਂ ਦਾ ਕਰੋ ਛਿੜਕਾਅ**

ਕਿਉਂਕਿ ਪਿਛੇਤਾ ਝੁਲਸ ਰੋਗ ਬੜੀ ਤੇਜ਼ੀ ਨਾਲ ਖੇਤਾਂ ਵਿੱਚ ਫੈਲਦਾ ਹੈ, ਇਸ ਕਰ ਕੇ ਸਹੀ ਸਿਰ ਉੱਲੀਨਾਸ਼ਕਾਂ ਦਾ ਛਿੜਕਾਅ ਝੁਲਸ ਰੋਗ ਦੀ ਰੋਕਥਾਮ ਲਈ ਬਹੁਤ ਕਾਰਗਰ ਸਾਬਿਤ ਹੁੰਦਾ ਹੈ। ਜਿਵੇਂ ਹੀ ਇਸ ਰੋਗ ਦੇ ਲੱਛਣ ਖੇਤ ਵਿੱਚ ਨਜ਼ਰ ਆਉਣ ਤਾਂ ਸਿਫ਼ਾਰਿਸ਼ ਕੀਤੇ ਗਏ ਉੱਲੀਨਾਸ਼ਕਾਂ ਦਾ ਛਿੜਕਾਅ ਕਰਨਾ ਚਾਹੀਦਾ ਹੈ। ਇਸ ਬਿਮਾਰੀ ਦੇ ਹਮਲੇ ਦੀ ਸਫਲਤਾਪੂਰਵਕ ਰੋਕਥਾਮ ਉੱਲੀਨਾਸ਼ਕ ਦੇ ਪ੍ਰਭਾਵ ਅਤੇ ਪੱਤਿਆਂ ਉੱਪਰ ਚੰਗੀ ਤਰ੍ਹਾਂ ਸਪਰੇਅ 'ਤੇ ਨਿਰਭਰ ਕਰਦਾ ਹੈ। ਛਿੜਕਾਅ ਲਈ ਸਹੀ ਨੋਜ਼ਲ (ਕੋਨ) ਅਤੇ ਪੂਰੇ ਪਾਣੀ ਦਾ ਇਸਤੇਮਾਲ ਕਰ ਲੈਣਾ ਚਾਹੀਦਾ ਹੈ। ਫ਼ਸਲ 'ਤੇ ਐਂਟਰਾਕੋਲ / ਕਵਚ / ਇੰਡੋਫਿਲ ਐਮ-45 / ਮਾਸਐਮ-45 / ਮਾਰਕਜ਼ੈਬ 500-700 ਗ੍ਰਾਮ ਜਾਂ ਮਾਰਕਕਾਪਰ / ਕਾਪਰ ਆਕਸੀਕਲੋਰਾਈਡ 50 ਡਬਲਯੂ ਪੀ 750 ਤੋਂ 1000 ਗ੍ਰਾਮ ਪ੍ਰਤੀ ਏਕੜ ਛਿੜਕਾਅ 250-350 ਲਿਟਰ ਪਾਣੀ ਵਿੱਚ ਘੋਲ ਕੇ ਬਿਮਾਰੀ ਆਉਣ ਤੋਂ ਪਹਿਲਾਂ ਕਰੋ। ਸੱਤ-ਸੱਤ ਦਿਨ ਦੀ ਵਿੱਥ 'ਤੇ ਇਸ ਛਿੜਕਾਅ ਨੂੰ ਪੰਜ ਵਾਰ ਦੁਹਰਾਓ। ਭਾਰੀ ਬਰਸਾਤਾਂ, ਧੁੰਦਾਂ ਤੇ ਬੱਦਲਵਾਈ ਵਾਲੇ ਮੌਸਮ ਦੌਰਾਨ ਕਵਚ / ਐਂਟਰਾਕੋਲ / ਇੰਡੋਫਿਲ ਐਮ-45 ਦੀ ਥਾਂ 3-4 ਛਿੜਕਾਅ ਇਨਫਿਨੀਟੋ 600 ਮਿ.ਲਿ. ਜਾਂ ਈਕੂਏਸ਼ਨ ਪ੍ਰੋ 200 ਮਿਲਿ. ਜਾਂ ਰਿਡੋਮਿਲ ਗੋਲਡ ਜਾਂ ਮਿਲੌਡੀ ਡਿਊ ਜਾਂ ਸੈਕਟਿਨ 60 ਡਬਲਯੂ ਜੀ 700 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ 10 ਦਿਨ ਦੇ ਵਕਫ਼ੇ 'ਤੇ ਕਰੋ ਅਤੇ ਉਸ ਪਿੱਛੋਂ ਫਿਰ ਇੱਕ ਛਿੜਕਾਅ ਲਈ ਕਵਚ / ਐਂਟਰਾਕੋਲ / ਇੰਡੋਫਿਲ ਐਮ-45 ਹੀ ਵਰਤੋਂ। ਜੇਕਰ ਪਹਿਲਾਂ ਫ਼ਸਲ 'ਤੇ ਬਿਮਾਰੀ ਆਈ ਹੋਵੇ ਤਾਂ ਪਿਛੇਤੀ ਜਾਂ ਬਹਾਰ ਰੁੱਤ ਦੀ ਫ਼ਸਲ 'ਤੇ ਬਿਮਾਰੀ ਆਉਣ ਦਾ ਖ਼ਤਰਾ ਵਧੇਰੇ ਹੁੰਦਾ ਹੈ। ਫ਼ਸਲ 'ਤੇ ਪਹਿਲਾਂ ਇਨਫਿਨੀਟੋ 600 ਮਿ. ਲਿ. ਜਾਂ ਰੀਵਸ 250 ਐਸ ਸੀ 250 ਮਿ. ਲਿ. ਜਾਂ ਈਕੂਏਸ਼ਨ ਪ੍ਰੋ 200 ਮਿ. ਲਿ. ਜਾਂ ਰਿਡੋਮਿਲ ਗੋਲਡ ਜਾਂ ਮਿਲੌਡੀ ਡਿਊ ਜਾਂ ਸੈਕਟਿਨ 60 ਡਬਲਯੂ ਜੀ 700 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ ਕਰੋ। ਇਸ ਤੋਂ ਬਾਅਦ ਤਿੰਨ ਛਿੜਕਾਅ ਕਵਚ / ਐਂਟਰਾਕੋਲ / ਇੰਡੋਫਿਲ ਐਮ-45 ਦਾ ਛਿੜਕਾਅ 700 ਗ੍ਰਾਮ ਪ੍ਰਤੀ ਏਕੜ ਹਿਸਾਬ ਨਾਲ 7 ਦਿਨਾਂ ਦੇ ਵਕਫ਼ੇ 'ਤੇ ਕਰੋ।



# ਪੇਂਡੂ ਔਰਤਾਂ ਦੇ ਉੱਦਮ ਵਿਕਾਸ ਦੇ ਸਹਾਈ : ਕ੍ਰਿਸ਼ੀ ਵਿਗਿਆਨ ਕੇਂਦਰ

ਗੁਰਉਪਦੇਸ਼ ਕੌਰ ਅਤੇ ਪ੍ਰੇਰਨਾ ਕਪਿਲਾ,
ਕ੍ਰਿਸ਼ੀ ਵਿਗਿਆਨ ਕੇਂਦਰ, ਪਟਿਆਲਾ (ਮੋਬਾਇਲ : 76968-09999)

ਕ੍ਰਿਸ਼ੀ ਵਿਗਿਆਨ ਕੇਂਦਰ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਧੀਨ ਕੰਮ ਕਰਦੇ ਖੇਤੀਬਾੜੀ ਪਸਾਰ ਕੇਂਦਰ ਹਨ, ਜੋ ਖੇਤੀਬਾੜੀ ਖੋਜ ਅਤੇ ਕਿਸਾਨਾਂ ਵਿਚਕਾਰ ਪੁਲ ਦਾ ਕੰਮ ਕਰਦੇ ਹਨ। ਇਹ ਕਿੱਤਾ ਮੁੱਖੀ ਸਿਖਲਾਈ ਸੰਸਥਾ ਹੈ ਜਿਹੜੀ ਕਿ ਖੇਤੀਬਾੜੀ ਅਤੇ ਸਹਾਇਕ ਖੇਤਰ ਵਿੱਚ ਲੋੜੀਂਦੇ ਕਿੱਤਾ ਮੁੱਖੀ ਸਿਖਲਾਈ ਕੋਰਸ ਆਯੋਜਿਤ ਕਰਦੀ ਹੈ।

**1. ਕੱਪੜਿਆਂ ਦੀ ਸਿਲਾਈ ਵਿੱਚ ਨਵੀਆਂ ਤਕਨੀਕਾਂ** : ਸਿਲਾਈ ਇੱਕ ਰਚਨਾਤਮਕ ਅਤੇ ਦਿਲਚਸਪ ਕਲਾ ਅਤੇ ਹੁਨਰ ਹੈ। ਗਾਰਮੈਂਟ ਨਿਰਮਾਣ ਇੱਕ ਤਕਨੀਕੀ ਹੁਨਰ ਹੈ ਜਿਸ ਲਈ ਬੁਨਿਆਦੀ ਸਿਲਾਈ ਤਕਨੀਕਾਂ ਦੇ ਗਿਆਨ ਅਤੇ ਹੁਨਰ ਦੀ ਲੋੜ ਹੁੰਦੀ ਹੈ- ਟਾਂਕੇ, ਸਿਓਣ, ਡਾਰਟਸ, ਗੈਦਰਸ, ਪਲੇਟਸ ਅਤੇ ਕਿਨਾਰੇ ਦੀ ਫਿਨਿਸ਼ਿੰਗ ਆਦਿ ਦੀ ਵਰਤੋਂ। ਚੰਗੀ ਗੁਣਵੱਤਾ ਵਾਲੇ ਉਤਪਾਦ ਲਈ ਕੱਪੜੇ ਦੇ ਨਿਰਮਾਣ ਵਿੱਚ ਇਸਦਾ ਢੁੱਕਵਾਂ ਉਪਯੋਗ ਜ਼ਰੂਰੀ ਹੈ।

**2. ਕੱਪੜੇ ਦੀ ਸਜਾਵਟ ਦੀਆਂ ਤਕਨੀਕਾਂ** : ਇਸ ਕੋਰਸ ਦਾ ਉਦੇਸ਼ ਭਿੰਨ-ਭਿੰਨ ਤਰ੍ਹਾਂ ਦੇ ਕੱਪੜਿਆਂ ਦੀ ਸਿਲਾਈ ਅਤੇ ਕੱਪੜਿਆਂ ਦੀ ਸਜਾਵਟ ਦੀਆਂ ਵੱਖ-ਵੱਖ ਤਕਨੀਕਾਂ ਬਾਰੇ ਗਿਆਨ ਪ੍ਰਦਾਨ ਕਰਨਾ ਹੈ। ਸੱਤ ਦਿਨਾਂ ਦੇ ਕੋਰਸ ਦੌਰਾਨ ਮੁੱਖ ਬੁਨਿਆਦੀ ਤਕਨੀਕਾਂ ਦਾ ਤਰਤੀਬਵਾਰ ਵੇਰਵਾ ਦਿੱਤਾ ਗਿਆ ਹੈ।

★ **ਕਢਾਈ ਤਕਨੀਕਾਂ** : ਸਿਖਿਆਰਥਣਾਂ ਨੂੰ ਦਸ ਤਰ੍ਹਾਂ ਦੀਆਂ ਕਢਾਈ ਤਕਨੀਕਾਂ ਜਿਵੇਂ ਫੁਲਕਾਰੀ ਕਢਾਈ, ਕਾਂਥਾਂ ਵਰਕ, ਸਿੰਧੀ ਕਢਾਈ, ਮਿਰਰ ਵਰਕ, ਕਸ਼ਮੀਰੀ ਕਢਾਈ, ਐਪਲੀਕ ਵਰਕ, ਬੀਡ ਵਰਕ, ਆਰੀ ਵਰਕ, ਰਿਬਨ ਕਢਾਈ, ਚਿਕਨਕਾਰੀ ਅਤੇ ਮਸ਼ੀਨੀ ਕਢਾਈ ਦੀ ਸਿਖਲਾਈ ਪ੍ਰਦਾਨ ਕੀਤੀ ਜਾਂਦੀ ਹੈ।

★ **ਸਿਲਾਈ ਨਾਲ ਸਜਾਵਟ ਦੀਆਂ ਤਕਨੀਕਾਂ** : ਕੱਪੜਿਆਂ ਦੀ ਸਜਾਵਟ ਲਈ ਵਰਤੀਆਂ ਜਾਂਦੀਆਂ ਵੱਖ-ਵੱਖ ਸਿਲਾਈ ਤਕਨੀਕਾਂ ਜਿਵੇਂ ਕਿ ਪਲੀਟਿੰਗ, ਸਿਰਿੰਗ, ਸਮੋਕਿੰਗ, ਰਜਾਈ ਬਣਾਉਣ ਦੀ ਸਿਖਲਾਈ ਦਿੱਤੀ ਜਾਂਦੀ ਹੈ।

★ **ਰੰਗਾਈ ਅਤੇ ਛਪਾਈ ਦੀਆਂ ਤਕਨੀਕਾਂ** : ਰੰਗਾਈ ਅਤੇ ਛਪਾਈ ਦੀਆਂ ਵੱਖ-ਵੱਖ ਤਕਨੀਕਾਂ ਜਿਵੇਂ ਕਿ ਬੰਧਨੀ, ਜੋ ਕਿ ਇੱਕ ਪ੍ਰਾਚੀਨ ਤਕਨੀਕ ਹੈ, ਲੱਕੜ ਦੇ ਬਲਾਕਾਂ ਜਾਂ ਵੱਖ-ਵੱਖ ਕੁਦਰਤੀ ਉਤਪਾਦਾਂ ਜਿਵੇਂ ਕਿ ਆਲੂ, ਭਿੰਡੀ, ਪੱਤੇ ਆਦਿ ਤੋਂ ਤਿਆਰ ਕੀਤੇ ਬਲਾਕਾਂ ਦੀ ਵਰਤੋਂ ਕਰਕੇ ਬਲਾਕ ਪ੍ਰਿੰਟਿੰਗ ਤਕਨੀਕ ਸਿਖਾਈ ਜਾਂਦੀ ਹੈ।

**3. ਵਾਤਾਵਰਣ ਅਨੁਕੂਲ ਸਫ਼ਾਈ ਲਈ ਸਰਫ, ਸਾਬਣ ਅਤੇ ਤਰਲ ਉਤਪਾਦ ਬਣਾਉਣਾ** : ਘਰੇਲੂ ਸਫ਼ਾਈ ਉਤਪਾਦ ਆਮ ਤੌਰ ਤੇ ਹਰ ਘਰ ਵਿੱਚ ਵਰਤੇ ਜਾਂਦੇ ਹਨ। ਆਮ ਤੌਰ ਤੇ ਵਰਤੇ ਜਾਂਦੇ ਵੱਖ-ਵੱਖ ਘਰੇਲੂ ਸਫ਼ਾਈ ਪਦਾਰਥਾਂ ਨੂੰ ਤਿਆਰ ਕਰਨ ਦੀ ਸਿਖਲਾਈ ਕ੍ਰਿਸ਼ੀ ਵਿਗਿਆਨ ਵਿਖੇ ਦਿੱਤੀ ਜਾਂਦੀ ਹੈ।

**4. ਮੌਸਮੀ ਫ਼ਲਾਂ ਅਤੇ ਸਬਜ਼ੀਆਂ ਦੀ ਸਾਂਭ-ਸੰਭਾਲ** : ਫ਼ਲ ਅਤੇ ਸਬਜ਼ੀਆਂ ਸਰੀਰ ਨੂੰ ਊਰਜਾ ਦੇਣ ਵਾਲੇ ਪੌਸ਼ਟਿਕ ਤੱਤ, ਵਿਟਾਮਿਨ ਅਤੇ ਖਣਿਜਾਂ ਦੇ ਭਰਪੂਰ ਅਤੇ ਸਸਤੇ ਸਰੋਤ ਹਨ। ਹਾਲਾਂਕਿ, ਜ਼ਿਆਦਾਤਰ ਫ਼ਲ ਅਤੇ ਸਬਜ਼ੀਆਂ ਥੋੜ੍ਹੇ ਸਮੇਂ ਲਈ ਹੀ ਖਾਣ ਯੋਗ ਹੁੰਦੀਆਂ ਹਨ ਜਦੋਂ ਤੱਕ ਉਨ੍ਹਾਂ ਨੂੰ ਤੁਰੰਤ ਅਤੇ ਸਹੀ ਢੰਗ ਨਾਲ ਸੁਰੱਖਿਅਤ ਨਹੀਂ ਕੀਤਾ ਜਾਂਦਾ। ਭੋਜਨ ਨੂੰ ਸਾਲ ਭਰ ਉਪਲਬਧ ਕਰਾਉਣ ਲਈ, ਉਤਪਾਦਾਂ ਦੀ ਸਟੋਰੇਜ ਲਾਈਫ ਨੂੰ ਵਧਾਉਣ ਲਈ ਵੱਖ-ਵੱਖ ਤਕਨੀਕਾਂ ਦੀ ਵਰਤੋਂ ਕਰਨਾ ਜ਼ਰੂਰੀ ਹੈ।

**5. ਬੇਕਰੀ ਅਤੇ ਕਨਫੈਕਸ਼ਨਰੀ ਤੋਂ ਉਤਪਾਦਾਂ ਦੀ ਤਿਆਰੀ** : ਬੇਕਰੀ ਉਤਪਾਦ ਪ੍ਰੋਸੈਸਡ ਫੂਡ ਸ਼੍ਰੇਣੀ ਦਾ ਹਿੱਸਾ ਹਨ। ਇਹਨਾਂ ਵਿੱਚ ਕੇਕ, ਪੇਸਟਰੀਆਂ, ਬਿਸਕੁਟ, ਬਰੈੱਡ, ਨਾਸ਼ਤੇ ਦੇ ਅਨਾਜ ਅਤੇ ਹੋਰ ਉਤਪਾਦ ਸ਼ਾਮਲ ਹਨ। ਇਹ ਉਤਪਾਦ ਪੇਂਡੂ ਭਾਰਤ ਵਿੱਚ ਵੀ ਬਹੁਤ ਮਸ਼ਹੂਰ ਹਨ।

**6. ਰਹਿੰਦ-ਖੂੰਹਦ ਸਮੱਗਰੀ ਤੋਂ ਉਤਪਾਦਾਂ ਦੀ ਤਿਆਰੀ** : ਘਰੇਲੂ ਪੱਧਰ ਤੇ ਬਹੁਤ ਸਾਰੀ ਸਮੱਗਰੀ ਉਪਲਬਧ ਹੁੰਦੀ ਹੈ ਜੋ ਸਾਡੀ ਸਿਰਜਣਾਤਮਕਤਾ ਅਤੇ ਹੁਨਰ ਦੀ ਵਰਤੋਂ ਕਰਕੇ ਮੁੱਲ ਵਧੇ ਵਾਲੇ ਉਤਪਾਦ ਤਿਆਰ ਕਰਨ ਲਈ ਵਰਤੀ ਜਾ ਸਕਦੀ ਹੈ। ਇਸ ਮੰਤਵ ਲਈ, ਸਿਖਿਆਰਥੀਆਂ ਅਤੇ ਸਿਖਿਆਰਥਣਾਂ ਨੂੰ ਹੁਨਰ ਪ੍ਰਦਾਨ ਕੀਤਾ ਜਾਂਦਾ ਹੈ ਤਾਂ ਜੋ ਉਹ ਘਰੇਲੂ ਪੱਧਰ ਤੇ ਰਹਿੰਦ-ਖੂੰਹਦ ਨੂੰ ਨਵੀਆਂ ਚੀਜ਼ਾਂ ਵਿੱਚ ਬਦਲ ਸਕਣ।

ਹਰੇਕ ਕ੍ਰਿਸ਼ੀ ਵਿਗਿਆਨ ਕੇਂਦਰ ਕੋਲ ਇੱਕ ਫਾਰਮ ਏਰੀਆ ਹੈ ਜੋ ਸਿਖਿਆਰਥਣਾਂ ਲਈ ਬੁਨਿਆਦ / ਪ੍ਰਮਾਣਿਤ ਬੀਜ ਅਤੇ ਸਜੀਵ ਖੇਤ ਪ੍ਰਦਰਸ਼ਨੀਆਂ ਨੂੰ ਉਗਾਉਣ ਲਈ ਵਰਤਿਆ ਜਾਂਦਾ ਹੈ। ਆਓ ਭੈਣੋ ਆਪਾਂ ਆਪਣੇ ਜ਼ਿਲ੍ਹੇ ਦੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਨਾਲ ਜੁੜ ਕੇ ਆਪਣੇ ਹੁਨਰ ਨੂੰ ਨਿਖ਼ਾਰ ਕੇ ਆਤਮ-ਨਿਰਭਰ ਬਣੀਏ।

> ਕਈ ਇੱਥੇ ਵਸਦੇ ਪ੍ਰਵਾਸੀਆਂ ਦੀ ਦੂਜੀ-ਤੀਜੀ ਪੀੜ੍ਹੀ ਆ ਗਈ ਹੈ, ਉਨ੍ਹਾਂ ਵਿੱਚੋਂ ਕਈ ਦਾਹੜੀ ਰੱਖ ਕੇ ਪੰਜਾਬੀਆਂ ਵਾਂਗ ਪੱਗਾਂ ਵੀ ਬੰਨ੍ਹਣ ਲੱਗੇ ਹਨ । ਉਨ੍ਹਾਂ ਦੇ ਨਾਂਅ, ਬੋਲੀ ਸਭ ਕੁੱਝ ਬਦਲ ਚੁੱਕਾ ਹੈ, ਪਰ ਸੋਚ ਤੇ ਸੰਸਕਾਰ ਨਹੀਂ ਬਦਲੇ । ਬਹੁਤੇ ਪ੍ਰਵਾਸੀਆਂ ਦੇ ਬੱਚੇ ਇੱਥੇ ਸਰਕਾਰੀ ਸਕੂਲਾਂ ਵਿੱਚ ਵੀ ਪੜ੍ਹ ਰਹੇ ਹਨ । ਅਜਿਹਾ ਹੀ ਹਾਲ ਕੈਨੇਡਾ ਵਿੱਚ ਪੰਜਾਬੀਆਂ ਨੇ ਕੀਤਾ ਹੋਇਆ ਹੈ, ਜੋ ਹੁਣ ਦੁਨੀਆ ਤੋਂ ਛੁਪਿਆ ਹੋਇਆ ਨਹੀਂ ।



# ਕੀ ਪ੍ਰਵਾਸੀ ਹੁਣ ਪੰਜਾਬੀ ਬਣ ਚੁੱਕੇ ਹਨ?

ਅੱਜ-ਕਲ੍ਹ ਪੰਜਾਬ ਵਿੱਚ ਖ਼ਾਸ ਚਰਚਾ ਹੈ ਕਿ ਪੰਜਾਬ ਦੇ ਲੋਕਾਂ ਖਾਸ ਕਰਕੇ ਨੌਜਵਾਨਾਂ ਦੇ ਵਿਦੇਸ਼ ਤੁਰ ਜਾਣ ਨਾਲ ਪੰਜਾਬ ਖਾਲੀ ਹੋਣ ਲੱਗਾ ਹੈ । ਉਨ੍ਹਾਂ ਦੀ ਜਗ੍ਹਾ ਇੱਥੇ ਦੂਜੇ ਸੂਬਿਆਂ ਤੋਂ ਆਏ ਲੋਕਾਂ, ਖ਼ਾਸ ਕਰਕੇ ਬਿਹਾਰ ਤੇ ਯੂ. ਪੀ. ਵਾਲਿਆਂ ਨੇ ਲਈ ਹੈ । ਪੰਜਾਬ ਵਿੱਚ ਸਭ ਤੋਂ ਪਹਿਲਾਂ ਦੁਆਬੇ ਦੇ ਪਿੰਡਾਂ ਵਿੱਚੋਂ ਲੋਕਾਂ ਨੇ ਇੰਗਲੈਂਡ ਜਾਣਾ ਸ਼ੁਰੂ ਕੀਤਾ ਸੀ । ਇਸ ਦਾ ਮੁੱਖ ਕਾਰਨ ਜ਼ਮੀਨਾਂ ਥੋੜ੍ਹੀਆਂ ਹੋਣ ਕਰਕੇ ਲੋਕਾਂ ਦਾ ਗੁਜ਼ਾਰਾ ਔਖਾ ਹੁੰਦਾ ਸੀ, ਪੜ੍ਹੇ-ਲਿਖੇ ਲੋਕਾਂ ਦੇ ਬਾਹਰ ਚਲੇ ਜਾਣ ਨਾਲ ਪਿੱਛੇ ਪਰਿਵਾਰਾਂ ਦਾ ਗੁਜ਼ਾਰਾ ਸੌਖਾ ਹੋਣ ਲੱਗਾ । ਜਦੋਂ ਬਾਹਰੋਂ ਪੌਂਡ/ਡਾਲਰ ਆਉਣ ਲੱਗੇ ਤਾਂ ਮਗਰ ਵਾਲਿਆਂ ਨੇ ਜ਼ਮੀਨਾਂ ਤੇ ਵੱਡੇ ਘਰ ਬਣਾਉਣ ਤੋਂ ਇਲਾਵਾ ਸਾਧਾਰਨ ਕਿਸਾਨ ਤੋਂ ਸਰਦਾਰੀ ਤੱਕ ਦਾ ਸਫ਼ਰ ਤਹਿ ਕੀਤਾ ।

ਪੰਜਾਬ ਤੋਂ ਪ੍ਰਵਾਸ ਨੂੰ ਵੱਡਾ ਹੁਲਾਰਾ ਸਾਲ 1984 ਵਿੱਚ ਵੀ ਮਿਲਿਆ, ਜਦੋਂ ਲੋਕਾਂ ਨੇ ਪੰਜਾਬ ਦੇ ਮਾਹੌਲ ਤੋਂ ਡਰਦਿਆਂ ਆਪਣੇ ਬੱਚੇ ਬਾਹਰ ਭੇਜਣੇ ਸ਼ੁਰੂ ਕਰ ਦਿੱਤੇ । ਸਮਾਂ ਬੀਤਣ ’ਤੇ ਬਾਹਰਲਿਆਂ ਦੀ ਚੜ੍ਹਾਈ ਵੇਖ ਕੇ ਵਿਦੇਸ਼ ਜਾਣ ਦਾ ਰੁਝਾਣ ਵੱਧ ਗਿਆ । ਫਿਰ ਪੰਜਾਬੀਆਂ ਦੀ ਵਿਦੇਸ਼ਾਂ ਵਿੱਚ ਤੂਤੀ ਬੋਲਣ ਲੱਗੀ, ਅੱਜ ਉਹ ਬਾਹਰਲੇ ਦੇਸ਼ਾਂ ਦੀ ਪਾਰਲੀਮੈਂਟ ਵਿੱਚ ਪਹੁੰਚ ਕੇ ਵਜ਼ੀਰ ਤੱਕ ਬਣ ਚੁੱਕੇ ਹਨ । ਇੱਥੇ ਅਸੀਂ ਉਨ੍ਹਾਂ ਦੀ ਉੱਥੇ ਤਰੱਕੀ ਦੇਖ ਕੇ ਖੁਸ਼ ਹੁੰਦੇ ਹਾਂ, ਪਰ ਇਹ ਕਦੇ ਨਹੀਂ ਸੋਚਿਆ ਕਿ ਪਿੱਛੇ ਪੰਜਾਬ ਖਾਲੀ ਹੁੰਦਾ ਜਾ ਰਿਹਾ ਹੈ । ਜਦਕਿ ਬਿਹਾਰ, ਉੱਤਰ ਪ੍ਰਦੇਸ਼ ਤੇ ਹੋਰ ਸੂਬਿਆਂ ਤੋਂ ਧੜਾਧੜ ਪ੍ਰਵਾਸੀ ਆ ਰਹੇ ਹਨ । ਭਾਵੇਂ ਹੁਣ ਪ੍ਰਵਾਸੀਆਂ ਨੂੰ ਪੰਜਾਬ ਵਿੱਚੋਂ ਕੱਢਣ ਦੇ ਚਰਚੇ ਚੱਲ ਰਹੇ ਹਨ, ਪਰ ਉਨ੍ਹਾਂ ਦੇ ਚਲੇ ਜਾਣ ਨਾਲ ਮਿਸਤਰੀਆਂ ਤੇ ਮਜ਼ਦੂਰਾਂ ਦੀ ਘਾਟ ਮਹਿਸੂਸ ਹੋਵੇਗੀ ਤੇ ਕਈ ਤਰ੍ਹਾਂ ਦੇ ਵਪਾਰ ਰੁੱਕ ਜਾਣਗੇ । ਇੱਕ ਉਦਾਹਰਨ ਨਾਲ ਸਮਝਦੇ ਹਾਂ, ਸਾਡੇ ਇੱਕ ਰਿਸ਼ਤੇਦਾਰ ਨੇ ਦੋ ਕਮਰੇ ਬਣਾਉਣੇ ਸੀ ਤੇ ਉਹ ਕੰਮ ਸਿਰਫ਼ ਪੰਜਾਬੀ ਮਿਸਤਰੀ ਤੋਂ ਕਰਵਾਉਣਾ ਚਾਹੁੰਦਾ ਸੀ ।



ਡਾ. ਅਮਨਪ੍ਰੀਤ ਸਿੰਘ ਬਰਾੜ
ਮੋ. 96537-90000

ਜਦੋਂ ਉਸ ਨੂੰ ਇੱਕ ਪੰਜਾਬੀ ਮਿਸਤਰੀ ਮਿਲਿਆ ਤਾਂ ਉਸ ਨੇ ਕੰਮ ਦਾ ਰੇਟ ਇੰਨਾ ਜ਼ਿਆਦਾ ਮੰਗਿਆ ਕਿ ਆਖ਼ਰ ਉਸ ਨੂੰ ਪ੍ਰਵਾਸੀਆਂ ਤੋਂ ਹੀ ਕਮਰੇ ਬਣਵਾਉਣੇ ਪਏ । ਫਿਰ ਬਿਜਲੀ ਦਾ ਕੰਮ ਕਰਨ ਵਾਲੇ ਪੰਜਾਬੀ ਨੇ ਉਸ ਦੇ ਨੱਕ ਵਿੱਚ ਦਮ ਕਰ ਦਿੱਤਾ, ਜੋ ਕੁਝ ਦੱਸਣ ਜਾਂ ਪੁੱਛਣ ’ਤੇ ਕੰਮ ਛੱਡ ਕੇ ਅੱਗੋਂ ਬਹਿਸ ਕਰਨ ਲੱਗ ਪੈਂਦਾ । ਉਸ ਨੇ ਦੂਜੇ ਕਮਰਿਆਂ ਵਿੱਚੋਂ ਕੁਨੈਕਸ਼ਨ ਲੈਣ ਸਮੇਂ ਗਲਤ ਤਾਰ ਕੱਟ ਕੇ ਸਾਰੇ ਘਰ ਦੀ ਬਿਜਲੀ ਹੀ ਖਰਾਬ ਕਰ ਦਿੱਤੀ ਅਤੇ ਸਮਝਾਉਣ ’ਤੇ ਨਾਰਾਜ਼ ਹੋ ਕੇ ਘਰ ਚਲਾ ਗਿਆ । ਆਖਿਰ ਉਸ ਨੂੰ ਬਿਜਲੀ ਦਾ ਕੰਮ ਕਿਸੇ ਹੋਰ ਇਲੈਕਟ੍ਰੀਸ਼ਨ ਤੋਂ ਕਰਵਾਉਣਾ ਪਿਆ, ਇਹ ਸਾਡੇ ਅੱਖੀਂ ਦੇਖੀ ਹਕੀਕਤ ਹੈ ।

ਪੰਜਾਬ ਵਿੱਚੋਂ ਪ੍ਰਵਾਸੀ ਭਜਾਓ ਕਿਸੇ ਮਸਲੇ ਦਾ ਹੱਲ ਨਹੀਂ ਹੈ, ਸਗੋਂ ਸਾਡੇ ਕਾਨੂੰਨ ਅਜਿਹੇ ਹੋਣੇ ਚਾਹੀਦੇ ਹਨ ਕਿ ਦੋਵੇਂ ਧਿਰਾਂ ਪੰਜਾਬ ਤੇ ਪ੍ਰਵਾਸੀਆਂ ਦਾ ਫਾਇਦਾ ਹੋਵੇ । ਜਿਵੇਂ ਸਾਡੇ ਲੋਕ ਬਾਹਰਲੇ ਦੇਸ਼ਾਂ ਵਿੱਚ ਜਾਂਦੇ ਹਨ ਉਨ੍ਹਾਂ ਨੂੰ ਜਾਂਦੇ ਸਾਰ ਕੰਮ ਕਰਨ ਦੀ ਇਜਾਜ਼ਤ ਲੈਣ ਲਈ ਰਜਿਸਟ੍ਰੇਸ਼ਨ ਕਰਾਉਣੀ ਪੈਂਦੀ ਹੈ, ਕੈਨੇਡਾ ਵਿੱਚ ਸਿੰਮ ਨੰਬਰ ਤੇ ਅਮਰੀਕਾ ਵਿੱਚ ਗ੍ਰੀਨ ਕਾਰਡ ਹੁੰਦਾ ਹੈ । ਅਜਿਹੀ ਵਿਵਸਥਾ ਪੰਜਾਬ ਵਿੱਚ ਵੀ ਹੋਣੀ ਚਾਹੀਦੀ ਹੈ, ਕੋਈ ਵੀ ਪ੍ਰਵਾਸੀ ਪੰਜਾਬ ਆਵੇ ਤਾਂ ਸਭ ਤੋਂ ਪਹਿਲਾਂ ਉਸ ਦੀ ਰਜਿਸਟ੍ਰੇਸ਼ਨ ਰੇਲਵੇ ਸਟੇਸ਼ਨ ਜਾਂ ਬੱਸ ਅੱਡੇ ’ਤੇ ਹੀ ਹੋ ਜਾਣੀ ਚਾਹੀਦੀ ਹੈ । ਉਨ੍ਹਾਂ ਕੋਲ ਕਾਰਡ ਹੋਵੇ ਤਾਂ ਹੀ ਉਨ੍ਹਾਂ ਨੂੰ ਕੰਮ ’ਤੇ ਰੱਖਿਆ ਜਾਵੇ, ਸਰਕਾਰ ਕੋਲ ਹਰ ਸੂਚਨਾ ਹੋਵੇ ਕਿ ਉਹ ਕਿੱਥੇ ਕੰਮ ਕਰਦੇ ਹਨ ਜਾਂ ਰਹਿ ਰਹੇ ਹਨ । ਇਸੇ ਤਰ੍ਹਾਂ ਪ੍ਰਵਾਸੀ ਠੇਕੇਦਾਰਾਂ ਦੇ ਵੱਖ-ਵੱਖ ਕੰਮਾਂ ਦੇ ਲਾਇਸੰਸ ਬਣਨੇ ਚਾਹੀਦੇ ਹਨ ਅਤੇ ਉਨ੍ਹਾਂ ਨੂੰ ਆਪਣੇ ਕੋਲ ਕੰਮ ਕਰਦੇ ਕਿਰਤੀਆਂ ਬਾਰੇ ਵੀ ਪੱਕੀ ਜਾਣਕਾਰੀ ਰੱਖਣੀ ਚਾਹੀਦੀ ਹੈ । ਜਿਹੜੇ ਲੋਕ ਕਿਰਤੀਆਂ ਨੂੰ ਕਿਰਾਏ ’ਤੇ ਕੁਆਟਰ ਜਾਂ ਮਕਾਨ ਦਿੰਦੇ ਹਨ, ਉਨ੍ਹਾਂ ਨੂੰ ਵੀ ਕਾਰਡ ਵੇਖ ਕੇ ਮਕਾਨ ਕਿਰਾਏ ’ਤੇ ਦੇਣਾ ਚਾਹੀਦਾ ਹੈ, ਅਜਿਹਾ ਨਾ ਕਰਨ ’ਤੇ ਮਕਾਨ ਮਾਲਕ ਨੂੰ ਜੁਰਮਾਨਾ ਹੋਣਾ ਚਾਹੀਦਾ ਹੈ । ਇਹ ਸਮਝਣਾ ਜ਼ਰੂਰੀ ਹੈ ਕਿ ਪ੍ਰਵਾਸੀਆਂ ਦੀ ਪੰਜਾਬ ਵਿੱਚ ਆਮਦ ਦੀ ਸ਼ੁਰੂਆਤ ਕਿਵੇਂ ਹੋਈ । ਦਰਅਸਲ ਜਦੋਂ ਪੰਜਾਬੀ ਪੱਕੇ ਤੌਰ ’ਤੇ ਬਾਹਰ ਜਾਣ ਲੱਗੇ ਤਾਂ ਆਪਣੇ ਘਰ ਤੇ ਜ਼ਮੀਨਾਂ ਆਪਣੇ ਰਿਸ਼ਤੇਦਾਰਾਂ ਨੂੰ ਸੰਭਾਲ ਗਏ । ਫਿਰ ਰਿਸ਼ਤੇਦਾਰ ਘਰਾਂ ਜ਼ਮੀਨਾਂ ਦੀ ਦੇਖਭਾਲ ਕਰਦੇ-ਕਰਦੇ ਲਾਲਚ ਵੱਸ ਉਨ੍ਹਾਂ ’ਤੇ ਕਬਜ਼ੇ ਕਰਨ ਲੱਗ ਪਏ ਤਾਂ ਝਗੜੇ ਤੋਂ ਬਚਣ ਲਈ ਐੱਨ. ਆਰ. ਆਈ. ਆਪਣੇ ਘਰਾਂ ਦੀ ਦੇਖਭਾਲ ਪ੍ਰਵਾਸੀਆਂ ਹਵਾਲੇ ਕਰਨ ਲਗੇ । ਅੱਜ ਹਾਲਾਤ ਅਜਿਹੇ ਹੋ ਗਏ ਹਨ ਕਿ ਪ੍ਰਵਾਸੀ ਵੀ ਧੱਕੇਸ਼ਾਹੀ ਕਰਨ ਲੱਗ ਪਏ ਹਨ ।

ਕਿਸੇ ਸੂਬੇ ਵਿੱਚ ਕੰਮ ਕਰਨ ਲਈ ਆਉਣ ਤੇ ਜ਼ਮੀਨ ਜਾਇਦਾਦ ਖ਼ਰੀਦ ਕੇ ਪੱਕੇ ਹੋਣ ਵਿੱਚ ਬਹੁਤ ਅੰਤਰ ਹੁੰਦਾ ਹੈ । ਇਨ੍ਹਾਂ ਪ੍ਰਵਾਸੀਆਂ ਕਰਕੇ ਪੰਜਾਬ ਵਿੱਚ ਬਿਮਾਰੀਆਂ ਤੇ ਜੁਰਮ ਵੀ ਵੱਧੇ ਹਨ । ਲੁਧਿਆਣਾ ਦੇ ਸਿਵਲ ਹਸਪਤਾਲ ਵਿੱਚ ਤੁਹਾਡੇ ਬਹੁਤੇ ਪ੍ਰਵਾਸੀ ਹੀ ਨਜ਼ਰ ਆਉਣਗੇ । ਕਈ ਇੱਥੇ ਵਸਦੇ ਪ੍ਰਵਾਸੀਆਂ ਦੀ ਦੂਜੀ-ਤੀਜੀ ਪੀੜ੍ਹੀ ਆ ਗਈ ਹੈ, ਉਨ੍ਹਾਂ ਵਿੱਚੋਂ ਕਈ ਦਾਹੜੀ ਰੱਖ ਕੇ ਪੰਜਾਬੀਆਂ ਵਾਂਗ ਪੱਗਾਂ ਵੀ ਬੰਨ੍ਹਣ ਲੱਗੇ ਹਨ । ਉਨ੍ਹਾਂ ਦੇ ਨਾਂਅ, ਬੋਲੀ ਸਭ ਕੁੱਝ ਬਦਲ ਚੁੱਕਾ ਹੈ, ਪਰ ਸੋਚ ਤੇ ਸੰਸਕਾਰ ਨਹੀਂ ਬਦਲੇ । ਬਹੁਤੇ ਪ੍ਰਵਾਸੀਆਂ ਦੇ ਬੱਚੇ ਇੱਥੇ ਸਰਕਾਰੀ ਸਕੂਲਾਂ ਵਿੱਚ ਵੀ ਪੜ੍ਹ ਰਹੇ ਹਨ । ਅਜਿਹਾ ਹੀ ਹਾਲ ਕੈਨੇਡਾ ਵਿੱਚ ਪੰਜਾਬੀਆਂ ਨੇ ਕੀਤਾ ਹੋਇਆ ਹੈ, ਜੋ ਹੁਣ ਦੁਨੀਆ ਤੋਂ ਛੁਪਿਆ ਹੋਇਆ ਨਹੀਂ । ਸ਼ਾਇਦ ਉਨ੍ਹਾਂ ਦੀਆਂ ਆਪਹੁਦਰੀਆਂ ਕਾਰਨ ਹੀ ਵੀਜ਼ੇ ਨਾ ਮਿਲਣ ਜਾਂ ਹੋਰ ਸਖਤੀਆਂ ਦਾ ਸੰਤਾਪ ਚੰਗੇ ਲੋਕਾਂ ਨੂੰ ਝੱਲਣਾ ਪੈ ਰਿਹਾ ਹੈ । ਜੇਕਰ ਇਹੀ ਹਾਲ ਰਿਹਾ ਤਾਂ ਆਉਣ ਵਾਲੇ ਸਮੇਂ ਵਿੱਚ ਕਈਆਂ ਦੇ ਡਿਪੋਰਟ ਕੀਤੇ ਜਾਣ ਦੀ ਵੀ ਸੰਭਾਵਨਾ ਬਣੀ ਹੋਈ ਹੈ । ਭਾਵੇਂ ਬਹੁਤੇ ਲੋਕ ਪ੍ਰਵਾਸੀਆਂ ਨੂੰ ਪੰਜਾਬ ਵਿੱਚੋਂ ਕੱਢਣ ਬਾਰੇ ਕਹਿ ਰਹੇ ਹਨ, ਪਰ ਉਨ੍ਹਾਂ ਦੇ ਚਲੇ ਜਾਣ ਨਾਲ ਕਾਰਖਾਨਿਆਂ, ਝੋਨੇ ਦੇ ਲਵਾਈ ਤੇ ਘਰੇਲੂ ਕੰਮਾਂ ਲਈ ਮਜ਼ਦੂਰ ਨਹੀਂ ਮਿਲਣੇ ਅਤੇ ਪੰਜਾਬੀਆਂ ਕਿਰਤੀਆਂ ਦੀ ਮਜ਼ਦੂਰੀ ਦੇਣੀ ਬਹੁਤੇ ਲੋਕਾਂ ਦੀ ਜੇਬ ਤੋਂ ਬਾਹਰ ਹੋਵੇਗੀ । ਜਦੋਂ ਛੱਠ ਪੂਜਾ ਦੌਰਾਨ ਬਹੁਤ ਸਾਰੇ ਪ੍ਰਵਾਸੀ ਆਪਣੇ ਘਰਾਂ ਨੂੰ ਚਲੇ ਗਏ ਤਾਂ ਲੁਧਿਆਣੇ ਵਿੱਚ ਕੰਮ ਠੱਪ ਹੋਣ ਲੱਗ ਪਏ ਸਨ । ਖਾਣੇ ਦੀਆਂ ਰੇਹੜੀਆਂ ਲਾਉਣ ਵਾਲੇ ਪ੍ਰਵਾਸੀਆਂ ਦੀ ਚਰਚਾ ਅਕਸਰ ਸੋਸ਼ਲ ਮੀਡੀਆ ’ਤੇ ਬਹੁਤ ਹੁੰਦੀ ਹੈ ਕਿ ਇਹ ਲੋਕਾਂ ਨੂੰ ਗੰਦ ਖੁਆ ਰਹੇ ਹਨ । ਪਰ ਜਿਹੜੇ ਪੰਜਾਬੀ ਇਹੀ ਕੰਮ ਧੰਦੇ ਕਰਦੇ ਹਨ, ਅਸੀਂ ਉਨ੍ਹਾਂ ਦਾ ਸਾਥ ਹੀ ਨਹੀਂ ਦਿੰਦੇ । ਜਦੋਂ ਗੱਲ ਸਿਹਤ ਦੀ ਆਉਂਦੀ ਹੈ ਤਾਂ ਜ਼ਰੂਰੀ ਹੈ ਕਿ ਕੋਈ ਵੀ ਰੇਹੜੀ ਲਾਉਣ ਵਾਲਾ, ਫਾਸਟ ਫੂਡ ਦੀ ਦੁਕਾਨ ਜਾਂ ਢਾਬਾ ਚਲਾਉਣ ਵਾਲਾ ਹੋਵੇ, ਪਰ ਖਾਣੇ ਦੀ ਗੁਣਵੱਤਾ ਦੇ ਨਾਲ-ਨਾਲ ਸਾਫ ਸਫਾਈ ਦਾ ਵੀ ਧਿਆਨ ਰੱਖੇ । ਉਨ੍ਹਾਂ ਘੱਟੋ-ਘੱਟ ਦਸਵੀਂ ਪਾਸ ਕੀਤੀ ਹੋਵੇ ਅਤੇ ਉਸ ਨੇ ਖਾਣ ਦਾ ਸਾਮਾਨ ਬਣਾਉਣ ਦਾ ਮੁੱਢਲਾ ਕੋਰਸ ਜ਼ਰੂਰ ਕੀਤਾ ਹੋਵੇ, ਜਿਵੇਂ ਬਾਹਰਲੇ ਦੇਸ਼ਾਂ ਵਿੱਚ ਹੁੰਦਾ ਹੈ ।



ਭਾਵੇਂ ਕੁਝ ਸਿਆਸੀ ਲੋਕ ਬਹੁਤ ਦੇਰ ਤੋਂ ਕਹਿ ਰਹੇ ਹਨ ਕਿ ਗੈਰ-ਪੰਜਾਬੀਆਂ ਨੂੰ ਪੰਜਾਬ ਵਿੱਚ ਜ਼ਮੀਨ ਖਰੀਦਣ ਦੀ ਇਜਾਜ਼ਤ ਨਾ ਹੋਵੇ । ਇਹ ਗੱਲ ਠੀਕ ਵੀ ਹੈ ਕਿ ਇੱਕ ਦੇਸ਼ ਇੱਕ ਕਾਨੂੰਨ ਕਿਉਂ ਨਹੀਂ, ਜਦੋਂ ਪੰਜਾਬੀ ਕਈਆਂ ਹੋਰ ਸੂਬਿਆਂ ਵਿੱਚ ਜ਼ਮੀਨ ਨਹੀਂ ਖਰੀਦ ਸਕਦੇ ਤਾਂ ਫਿਰ ਦੂਜੇ ਸੂਬਿਆਂ ਦੇ ਲੋਕ ਇੱਥੇ ਆ ਕੇ ਜ਼ਮੀਨ ਕਿਵੇਂ ਖਰੀਦ ਸਕਦੇ ਹਨ ? ਪਰ ਸਿਆਸਤਦਾਨ ਇਸ ਦਾ ਕੋਈ ਪੱਕਾ ਹੱਲ ਲੱਭਣ ਲਈ ਤਿਆਰ ਨਹੀਂ, ਕਿਉਂਕਿ ਉਨ੍ਹਾਂ ਲਈ ਪ੍ਰਵਾਸੀ ਇੱਕ ਵੱਡਾ ਵੋਟ ਬੈਂਕ ਹੈ, ਜਿਸ ਦੀ ਅਸਾਨੀ ਨਾਲ ਖਰੀਦੋ-ਫਰੋਖਤ ਹੋ ਸਕਦੀ ਹੈ । ਮੁੱਕਦੀ ਗੱਲ ਇਹ ਹੈ ਕਿ ਜੇ ਉਨ੍ਹਾਂ ਦੀਆਂ ਵੋਟਾਂ ਬਣਾਉਗੇ ਤਾਂ ਫਿਰ ਆਉਣ ਵਾਲੇ ਸਮੇਂ ਦੌਰਾਨ ਉਨ੍ਹਾਂ ਦੇ ਕੌਂਸਲਰ, ਐਮ. ਐਲ. ਏ., ਐਮ. ਪੀ. ਵੀ ਬਣਨਗੇ । ਪਰ ਪ੍ਰਵਾਸੀਆਂ ਨੂੰ ਭਜਾਉਣਾ ਕਿਸੇ ਵੀ ਸਮੱਸਿਆ ਦਾ ਕੋਈ ਹੱਲ ਨਹੀਂ ਹੈ, ਇਨ੍ਹਾਂ ਨੂੰ ਰਜਿਸਟਰ ਕਰਕੇ ਸਿਰਫ਼ ਕੰਮ ਕਰਨ ਦੀ ਆਗਿਆ ਦਿੱਤੀ ਜਾਵੇ । ਜੇ ਕੋਈ ਅਪਰਾਧ ਕਰਦਾ ਹੈ ਤਾਂ ਕਾਨੂੰਨ ਅਨੁਸਾਰ ਬਣਦੀ ਸਜ਼ਾ ਵੀ ਜ਼ਰੂਰ ਦਿੱਤੀ ਜਾਵੇ । ਕੋਈ ਵੀ ਨੀਤੀ ਬਣਾਉਣ ਤੇ ਲਾਗੂ ਕਰਨ ਵਾਲਿਆਂ ਦੀ ਨੀਯਤ ਵੀ ਠੀਕ ਹੋਣੀ ਚਾਹੀਦੀ ਹੈ ।



# ਉੱਨਤ ਖੇਤੀ ਵਿੱਚ ਸੋਸ਼ਲ ਮੀਡੀਆ ਦੀ ਅਹਿਮ ਭੂਮਿਕਾ

ਡਾ. ਕਰਨਜੀਤ ਸਿੰਘ ਗਿੱਲ, ਮੁੱਖ ਖੇਤੀਬਾੜੀ ਅਫਸਰ, ਸ੍ਰੀ ਮੁਕਤਸਰ ਸਾਹਿਬ (ਮੋ. 98720-25038)

ਸੋਸ਼ਲ ਮੀਡੀਆ ਤੋਂ ਭਾਵ ਹੈ ਸਮਾਜ ਦਾ ਇੰਟਰਨੈੱਟ ਦੇ ਜ਼ਰੀਏ ਆਪਸ ਵਿੱਚ ਜੁੜੇ ਰਹਿਣਾ। ਸੂਚਨਾਵਾਂ ਦਾ ਪਸਾਰ ਤੇ ਵਿਚਾਰਾਂ ਦਾ ਅਦਾਨ-ਪ੍ਰਦਾਨ ਕਰਨ ਵਿੱਚ ਸੋਸ਼ਲ ਮੀਡੀਆ ਦੀ ਅਹਿਮ ਭੂਮਿਕਾ ਹੈ। ਅਜੋਕੇ ਢੰਗ ਦੇ ਖੇਤੀ ਸੈਕਟਰ ਵਿੱਚ ਵੀ ਇਸ ਦੀ ਭੂਮਿਕਾ ਕਾਫ਼ੀ ਵੱਧ ਰਹੀ ਹੈ। ਖੇਤੀ ਉਪਜ ਦੇ ਮੰਡੀਕਰਨ, ਮੌਸਮ ਦੀ ਭਵਿੱਖ ਬਾਣੀ ਅਤੇ ਇਸ ਦਾ ਪੌਦਿਆਂ 'ਤੇ ਅਸਰ, ਸਰਕਾਰੀ ਸਕੀਮਾਂ, ਨਵੀਆਂ ਤਕਨੀਕਾਂ ਅਤੇ ਸਿਫ਼ਾਰਸ਼ਾਂ, ਆਪਣੇ ਬਰਾਂਡ ਦਾ ਪ੍ਰਚਾਰ, ਟਿਕਾਊ ਖੇਤੀ, ਕੁਦਰਤ-ਸਰੋਤਾਂ ਦੀ ਮਹੱਤਤਾ ਅਤੇ ਸੰਭਾਲ, ਖੇਤੀ-ਸਹਾਇਕ ਧੰਦਿਆਂ ਬਾਰੇ, ਕੀੜੇ-ਬਿਮਾਰੀਆਂ ਦੇ ਹਮਲੇ ਦੀ ਅਗਾਊਂ ਸੂਚਨਾ ਸਮੇਤ ਦੇਸ਼-ਵਿਦੇਸ਼ ਤੋਂ ਖੇਤੀ ਸੰਬੰਧੀ ਹਰ ਜਾਣਕਾਰੀ ਸੋਸ਼ਲ ਮੀਡੀਆ ਰਾਹੀਂ ਉਪਲਬਧ ਹੁੰਦੀ ਹੈ।

ਅੱਜ ਦੇ ਵਿਗਿਆਨਕ ਯੁੱਗ ਵਿੱਚ ਇਹ ਗੱਲ ਬੜੀ ਪ੍ਰੌੜ੍ਹਤਾ ਨਾਲ ਕੀਤੀ ਜਾ ਸਕਦੀ ਹੈ ਕਿ ਜਿਹੜੇ ਪੜ੍ਹੇ-ਲਿਖੇ ਕਿਸਾਨ ਸੋਸ਼ਲ ਮੀਡੀਆ ਨਾਲ ਸਾਰਥਕ ਤੌਰ



'ਤੇ ਜੁੜੇ ਹਨ। ਉਹ ਆਪਣੀ ਕਿਰਤ ਵਿੱਚੋਂ ਖਾਸਾ ਲਾਭ ਪ੍ਰਾਪਤ ਕਰ ਰਹੇ ਹਨ। ਬਹੁਤ ਕਿਸਾਨ ਘਰ ਬੈਠ ਕੇ ਹੀ ਆਪਣੇ ਧੰਦੇ ਸੰਬੰਧੀ ਸਿਖਲਾਈ ਲੈ ਰਹੇ ਹਨ ਅਤੇ ਵਡਮੁੱਲਾ ਗਿਆਨ ਹਾਸਲ ਕਰ ਰਹੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬ ਦਾ ਖੇਤੀਬਾੜੀ ਵਿਭਾਗ ਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਲੋਂ ਕਿਸਾਨ ਮੇਲਿਆਂ, ਕੈਂਪਾਂ, ਗੋਸ਼ਟੀਆਂ, ਖੇਤ-ਦਿਵਸ, ਸਾਹਿਤ, ਅਨਾਊਂਸਮੈਂਟਾਂ ਆਦਿ ਰਾਹੀਂ ਸਮੇਂ-ਸਮੇਂ 'ਤੇ ਕਿਸਾਨਾਂ ਤੱਕ ਹਰ ਕਿਸਮ ਦੀ ਜਾਣਕਾਰੀ ਪਹੁੰਚਦੀ ਕੀਤੀ ਜਾ ਰਹੀ ਹੈ। ਫਿਰ ਵੀ ਬਹੁਤੇ ਕਿਸਾਨ ਰਹਿ ਜਾਂਦੇ ਹਨ, ਜਿਨ੍ਹਾਂ ਤੱਕ ਖੇਤੀ-ਸੂਚਨਾਵਾਂ ਨਹੀਂ ਪਹੁੰਚਦੀਆਂ। ਸੋ ਉਨ੍ਹਾਂ ਕਿਸਾਨਾਂ ਲਈ ਸੋਸ਼ਲ ਮੀਡੀਆ ਵਰਦਾਨ ਸਿੱਧ ਹੁੰਦਾ ਹੈ।

ਜਿਹੜੇ ਕਿਸਾਨ ਨਵੀਨਤਮ ਖੇਤੀ-ਤਕਨੀਕਾਂ ਹਾਸਿਲ ਕਰਕੇ ਸਮੇਂ ਦੇ ਹਾਣ ਨਹੀਂ ਬਣਦੇ, ਉਹ ਝੋਨੇ-ਕਣਕ ਦੇ ਫ਼ਸਲੀ ਚੱਕਰ ਵਿੱਚ ਹੀ ਫਸੇ ਹੋਏ ਹਨ, ਜਿਸ ਨਾਲ ਸਾਡੇ ਕੀਮਤੀ ਕੁਦਰਤੀ ਸਰੋਤ ਜਿਵੇਂ ਮਿੱਟੀ, ਪਾਣੀ, ਹਵਾ ਵੀ ਖਰਾਬ ਹੋ ਰਹੇ ਹਨ ਅਤੇ ਉਹ ਕਿਸਾਨ ਆਰਥਿਕ ਤੌਰ 'ਤੇ ਵੀ ਬਹੁਤ ਫਾਇਦਾ ਨਹੀਂ ਲੈ ਰਹੇ। ਕਿਸਾਨਾਂ ਦੇ ਸੰਦਰਭ ਵਿੱਚ ਸੋਸ਼ਲ ਮੀਡੀਆ ਦੀਆਂ ਬਹੁਤ ਸਾਰੀਆਂ ਐਪਲੀਕੇਸ਼ਨਾਂ ਵਿੱਚੋਂ ਉਚੇਚੇ ਤੌਰ 'ਤੇ ਯੂ-ਟਿਊਬ, ਵਟਸਐਪ ਅਤੇ ਫੇਸਬੁੱਕ ਦੀ ਗੱਲ ਕਰਨੀ ਬਣਦੀ ਹੈ। ਯੂ-ਟਿਊਬ ਰਾਹੀਂ ਕਿਸਾਨਾਂ ਦੀਆਂ ਸਫ਼ਲ ਕਹਾਣੀਆਂ, ਖੇਤੀ ਮਾਹਿਰਾਂ ਦੀ ਗੱਲਬਾਤ ਸਮੇਤ ਹਰ ਤਰ੍ਹਾਂ ਦੀ ਜਾਣਕਾਰੀ ਵੀਡੀਓ ਦੇ ਰੂਪ ਵਿੱਚ ਮੁਫ਼ਤ ਵਿੱਚ ਮਿਲ ਜਾਂਦੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦਾ ਪੀ.ਏ.ਯੂ. ਲਾਈਵ, ਖੇਤੀ ਵਿਭਾਗ ਦੇ ਖੇਤੀ ਸੂਚਨਾਵਾਂ, ਖੇਤੀ ਗਿਆਨ ਅਤੇ ਵਿਕਾਸ, ਕਿਸਾਨੀ ਸੂਚਨਾਵਾਂ ਯੂ-ਟਿਊਬ ਚੈਨਲ ਕਿਸਾਨਾਂ ਦੀ ਸੇਵਾ ਵਿੱਚ ਕਾਰਜ ਕਰ ਰਹੇ ਹਨ। ਇਸ ਤੋਂ ਇਲਾਵਾ ਦੂਰਦਰਸ਼ਨ ਜਲੰਧਰ, ਡੀ.ਡੀ. ਕਿਸਾਨ ਚੈਨਲ ਵੀ ਆਪਣੀਆਂ ਖੇਤੀ ਸੰਬੰਧੀ ਵੀਡੀਓ ਯੂ-ਟਿਊਬ 'ਤੇ ਪਾਉਂਦੇ ਰਹਿੰਦੇ ਹਨ। ਬਹੁਤੇ ਨਿੱਜੀ ਚੈਨਲ ਵੀ ਖੇਤੀ-ਸੈਕਟਰ ਵਿੱਚ ਆਪਣਾ ਸਹੀ ਰੋਲ ਨਿਭਾ ਰਹੇ ਹਨ। ਯੂ-ਟਿਊਬ ਰਾਹੀਂ ਸਿੱਧਾ ਪ੍ਰਸਾਰਨ ਵੀ ਹੁੰਦਾ ਹੈ, ਜਿਸ ਦਾ ਕਿਸਾਨ-ਵੀਰ ਸੰਬੰਧਿਤ ਮੇਲੇ ਵਿੱਚ ਕਿਸੇ ਕਾਰਨ ਨਾ ਪਹੁੰਚ ਕੇ ਘਰ ਬੈਠੇ ਹੀ ਲਾਈਵ-ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।

ਇਸੇ ਤਰ੍ਹਾਂ ਇੱਕ ਵਟਸਐਪ ਗਰੁੱਪ ਰਾਹੀਂ ਕੋਈ ਵੀ ਨਵੀਂ ਸੂਚਨਾ ਇੱਕੋ ਸਮੇਂ ਲੱਖਾਂ ਕਿਸਾਨਾਂ ਤੱਕ ਪਹੁੰਚਦੀ ਹੋ ਜਾਂਦੀ ਹੈ। ਖੇਤੀ ਨਾਲ ਸੰਬੰਧਿਤ ਹਰ ਵਿਭਾਗ ਤੇ ਯੂਨੀਵਰਸਿਟੀ ਦੇ ਵੱਖ-ਵੱਖ ਤਰ੍ਹਾਂ ਦੇ ਸਰਕਲ-ਪੱਧਰ, ਬਲਾਕ-ਪੱਧਰ, ਜ਼ਿਲ੍ਹਾ-ਪੱਧਰ ਅਤੇ ਰਾਜ-ਪੱਧਰ ਦੇ ਵਟਸਐਪ ਗਰੁੱਪ ਆਪਣੀ ਜ਼ਿੰਮੇਵਾਰੀ ਬਾਖ਼ੂਬੀ ਨਿਭਾ ਰਹੇ ਹਨ। ਸੋ ਕੋਈ ਵੀ ਕਿਸਾਨ ਆਪਣੇ ਧੰਦੇ ਸੰਬੰਧੀ ਬਣਾਏ ਗਰੁੱਪਾਂ ਦਾ ਮੈਂਬਰ ਬਣੇ ਤੇ ਵੱਧ ਤੋਂ ਵੱਧ ਮੁਫ਼ਤ ਵਿੱਚ ਲਾਭ ਪ੍ਰਾਪਤ ਕਰੇ।

ਫੇਸਬੁੱਕ ਜ਼ਰੀਏ ਵੀ ਖੇਤੀ ਸੰਬੰਧੀ ਹਰ ਕਿਸਮ ਦੀ ਤਸਵੀਰ, ਵੀਡੀਓ, ਆਰਟੀਕਲ, ਵਿਚਾਰ, ਆਪਣੀ ਰਾਏ ਵਗੈਰਾ ਸਾਂਝੀ ਕੀਤੀ ਜਾ ਸਕਦੀ ਹੈ, ਜਿਸ ਦਾ ਲਾਭ ਕਿਸਾਨ ਲੈ ਰਹੇ ਹਨ। ਫੇਸਬੁੱਕ ਚੈਨਲ ਰਾਹੀਂ ਸਿੱਧਾ ਪ੍ਰਸਾਰਨ ਵੀ ਹੁੰਦਾ ਹੈ। ਇਸ ਐਪ ਰਾਹੀਂ ਅਸੀਂ ਕਿਸੇ ਨੂੰ ਮਿੱਤਰ ਬਣਾ ਸਕਦੇ ਹਾਂ ਅਤੇ ਕਿਸੇ ਦੇ ਮਿੱਤਰ ਵੀ ਬਣ ਸਕਦੇ ਹਾਂ। ਬਾਕੀ ਸੋਸ਼ਲ-ਮੀਡੀਆ ਦੀਆਂ ਬਹੁਤ ਐਪਸ 'ਤੇ ਖੇਤੀ ਸੰਬੰਧੀ ਕਿਤਾਬਚੇ, ਰਸਾਲੇ ਜਾਂ ਕਿਤਾਬਾਂ ਦੀ ਉਪਲਬਧਤਾ ਹੁੰਦੀ ਹੈ, ਜਿਨ੍ਹਾਂ ਨੂੰ ਪੜ੍ਹ ਕੇ ਆਪਣੇ ਕਿੱਤੇ ਵਿੱਚ ਸੁਧਾਰ ਕੀਤਾ ਜਾ ਸਕਦਾ ਹੈ। ਕਿਸਾਨਾਂ ਲਈ ਸੋਸ਼ਲ ਮੀਡੀਆ 'ਤੇ ਗਿਆਨ ਦਾ ਅਥਾਹ ਭੰਡਾਰ ਪਿਆ ਹੈ। ਉਸ ਗਿਆਨ ਵਿੱਚੋਂ ਆਪਣੇ ਕੰਮ ਦਾ ਮੋਤੀ ਪਛਾਣੀਏ, ਚੁਗੀਏ ਤੇ ਉਸ ਮੁਤਾਬਕ ਆਪਣਾ ਨਵਾਂ ਕੰਮ ਕਰੀਏ ਜਾਂ ਚੱਲ ਰਹੇ ਕੰਮ ਵਿੱਚ ਹੋਰ ਨਿਖਾਰ ਲਿਆਈਏ ਤਾਂ ਜੋ ਸਾਡੀ ਆਰਥਿਕਤਾ ਵੀ ਨਿੱਗਰ ਹੋਵੇ ਅਤੇ ਆਪਣੀ ਧਰਤੀ, ਹਵਾ, ਪਾਣੀ ਦਾ ਵੀ ਕੋਈ ਨੁਕਸਾਨ ਨਾ ਹੋਵੇ ਤਾਂ ਜੋ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਪਣੀ ਜਾਇਦਾਦ ਦੇ ਨਾਲ-ਨਾਲ ਜਿਉਣਯੋਗ ਵਾਤਾਵਰਨ ਵੀ ਦੇ ਕੇ ਜਾਈਏ।



# ਫ਼ਲਾਂ ਦੀ ਪੌਸ਼ਟਿਕ ਬਗੀਚੀ ਅਪਣਾਓ, ਪੋਸ਼ਣ ਸੁਰੱਖਿਆ ਵਧਾਓ

ਅਮਨਦੀਪ ਕੌਰ ਅਤੇ ਅਵਨੀਤ ਕੌਰ, ਖੇਤਰੀ ਖੋਜ ਕੇਂਦਰ, ਫਰੀਦਕੋਟ (ਮੋ. 70870-72778)

★ ਤਾਜ਼ਾ ਫ਼ਲ ਪੌਸ਼ਟਿਕ ਖ਼ੁਰਾਕ ਦਾ ਬਹੁਤ ਅਹਿਮ ਹਿੱਸਾ ਹਨ ਜੋ ਕਿ ਖਣਿਜ, ਵਿਟਾਮਿਨ ਅਤੇ ਐਂਟੀਔਕਸੀਡੈਂਟਸ ਦਾ ਭਰਪੂਰ ਸਰੋਤ ਹਨ।

★ ਘਰੇਲੂ ਪੱਧਰ ਤੇ ਫ਼ਲਾਂ ਦੀ ਪੈਦਾਵਾਰ ਲਈ ਪੀ. ਏ. ਯੂ. ਵੱਲੋਂ 625 ਵਰਗ ਮੀਟਰ (25×25 ਮੀਟਰ) ਫ਼ਲਾਂ ਦੀ ਬਗੀਚੀ ਦੇ ਮਾਡਲ ਦੀ ਸਿਫਾਰਿਸ਼ ਕੀਤੀ ਗਈ ਹੈ ਜਿਸ ਵਿੱਚ 21 ਕਿਸਮ ਦੇ ਫ਼ਲਾਂ ਦੇ ਪੌਦੇ ਲਗਾਏ ਜਾ ਸਕਦੇ ਹਨ।

★ ਫ਼ਲਦਾਰ ਪੌਦੇ ਲੱਗਭੱਗ 2-3 ਸਾਲਾਂ ਬਾਅਦ ਹੀ ਫ਼ਲ ਦੇਣ ਲੱਗਦੇ ਹਨ, ਇਸ ਲਈ ਫਲਦਾਰ ਪੌਦਿਆਂ ਦੀ ਚੋਣ ਅਤੇ ਕਿਸਮ, ਲਗਾਉਣ ਦਾ ਸਮਾਂ, ਪੌਦਿਆਂ ਦਾ ਸਰੋਤ ਅਤੇ ਲਗਾਉਣ ਦੀ ਦੂਰੀ ਵੱਲ ਉੱਚਿਤ ਧਿਆਨ ਦੇਣਾ ਚਾਹੀਦਾ ਹੈ।

★ ਸਦਾਬਹਾਰ ਅਤੇ ਪੱਤਝੜੀ ਕਿਸਮ ਦੇ ਬੂਟੇ ਅਲੱਗ-ਅਲੱਗ ਲਗਾਉਣੇ ਚਾਹੀਦੇ ਹਨ।

★ ਬਹੁਤ ਉੱਚੇ ਜਾਣ ਵਾਲੇ ਬੂਟੇ ਜਿਵੇਂ ਕਿ ਅੰਬ, ਲੀਚੀ, ਜਾਮਣ, ਚੀਕੂ ਆਦਿ ਨੂੰ ਘਰੇਲੂ ਬਗੀਚੇ ਦੇ ਬਿਲਕੁਲ ਉੱਤਰੀ ਹਿੱਸੇ ਵੱਲ ਲਗਾਉਣੇ ਚਾਹੀਦੇ ਹਨ ਤਾਂ ਜੋ ਇਹਨਾਂ ਦੀ ਛਾਂ ਦੂਸਰੇ ਬੂਟਿਆਂ ਤੇ ਨਾਂ ਪਵੇ।

★ ਬਗੀਚੀ ਦੇ ਅੰਦਰਲੇ ਹਿੱਸੇ ਵਿੱਚ ਨਿੰਬੂ ਜਾਤੀ ਦੇ ਫ਼ਲ ਤੇ ਅਮਰੂਦ ਲਗਾਉਣੇ ਚਾਹੀਦੇ ਹਨ।

★ ਪੱਤਝੜੀ ਕਿਸਮ ਦੇ ਬੂਟੇ ਜਿਵੇਂ ਕਿ ਨਾਸ਼ਪਤੀ, ਆੜੂ ਅਤੇ ਬੇਰ ਵਰਗੇ ਪੌਦੇ ਬਾਗ ਦੇ ਦੱਖਣ-ਪੂਰਬੀ ਹਿੱਸੇ ਵਿੱਚ ਲਗਾਏ ਜਾਣੇ ਚਾਹੀਦੇ ਹਨ।

★ ਦੱਖਣੀ ਪਾਸੇ ਦੀ ਸਭ ਤੋਂ ਅਖੀਰਲੀ ਕਤਾਰ ਵਿੱਚ ਪਪੀਤੇ ਅਤੇ ਕੇਲੇ ਦੇ ਬੂਟੇ ਲਗਾਉਣੇ ਚਾਹੀਦੇ ਹਨ। ਇਹਨਾਂ ਬੂਟਿਆਂ ਨੂੰ ਕੋਰੇ ਤੋਂ ਬਚਾਉਣ ਦੀ ਬਹੁਤ ਲੋੜ ਹੁੰਦੀ ਹੈ।

★ ਪੂਰਬੀ ਪਾਸੇ ਵੱਲ ਅੰਗੂਰਾਂ ਦੀਆਂ ਵੱਖ-ਵੱਖ ਕਿਸਮਾਂ ਵਾਈ-ਟਰੈਲਿਸ ਢੰਗ ਉਪਰ ਲਾਈਆਂ ਜਾ ਸਕਦੀਆਂ ਹਨ।

★ ਪੱਛਮੀ ਹਿੱਸੇ ਵੱਲ ਕਰੌਂਦਾ ਅਤੇ ਫ਼ਾਲਸਾ ਅਤੇ ਉੱਤਰੀ ਬਾਹੀ 'ਤੇ ਮਿੱਠਾ (ਸਵੀਟ ਲਾਈਮ) ਵਾੜ ਦੇ ਤੌਰ ਤੇ ਲਾਇਆ ਜਾਣਾ ਚਾਹੀਦਾ ਹੈ।

**ਬੂਟਿਆਂ ਨੂੰ ਲਗਾਉਣ ਦਾ ਸਮਾਂ ਅਤੇ ਤਰੀਕਾ**

★ ਸਦਾਬਹਾਰ ਬੂਟਿਆਂ ਲਈ ਸਭ ਤੋਂ ਵਧੀਆ ਸਮਾਂ ਫਰਵਰੀ-ਮਾਰਚ ਅਤੇ ਸਤੰਬਰ-ਅਕਤੂਬਰ ਦੌਰਾਨ ਹੈ, ਜਦਕਿ ਪੱਤਝੜੀ ਕਿਸਮ ਦੇ ਬੂਟੇ ਜਿਵੇਂ ਕਿ ਨਾਸ਼ਪਤੀ, ਆੜੂ, ਅੰਗੂਰ ਅਤੇ ਅਨਾਰ ਜਨਵਰੀ-ਫਰਵਰੀ ਦੌਰਾਨ ਲਗਾਏ ਜਾਣੇ ਚਾਹੀਦੇ ਹਨ।

★ ਬੂਟਿਆਂ ਨੂੰ ਲਗਾਉਣ ਸਮੇਂ ਇੱਕ ਮੀਟਰ ਡੂੰਘੇ ਅਤੇ ਇੱਕ ਮੀਟਰ ਘੇਰੇ ਵਾਲੇ ਟੋਏ ਪੁੱਟ ਲਉ। ਇਨ੍ਹਾਂ ਟੋਇਆਂ ਵਿੱਚ ਉਪਰਲੀ ਮਿੱਟੀ ਅਤੇ ਰੂੜੀ ਬਰਾਬਰ ਮਾਤਰਾ ਵਿੱਚ ਪਾਉ ਤੇ ਜ਼ਮੀਨ ਤੋਂ ਉੱਚੇ ਭਰ ਦਿਉ। ਇਨ੍ਹਾਂ ਵਿੱਚ ਬੂਟੇ ਲਾਉਣ ਤੋਂ ਪਹਿਲਾਂ ਪਾਣੀ ਦਿਉ। ਪਾਣੀ ਦੇਣ ਤੋਂ ਬਾਅਦ ਜੇ ਟੋਏ ਵਿਚਲੀ ਮਿੱਟੀ ਬੈਠ ਗਈ ਹੋਵੇ ਤਾਂ ਉੱਪਰਲੀ ਸਤਿਹ ਤੇ ਮਿੱਟੀ ਪਾ ਕੇ ਜ਼ਮੀਨ ਦੇ ਬਰਾਬਰ ਪੱਧਰ ਕਰ ਦਿਉ। ਹਰੇਕ ਟੋਏ ਵਿੱਚ 15 ਮਿਲੀਲੀਟਰ ਕਲੋਰਪਾਈਰੀਫਾਸ 20 ਈ ਸੀ 2 ਕਿਲੋ ਮਿੱਟੀ ਵਿੱਚ ਰਲਾ ਕੇ ਸਿਉਂਕ ਤੋਂ ਬਚਾਉਣ



ਲਈ ਜ਼ਰੂਰ ਪਾ ਦਿਉ।

★ ਟੋਏ ਤਿਆਰ ਕਰਨ ਤੋਂ ਬਾਅਦ ਬੂਟੇ ਲਗਾਉਣ ਵਾਲੇ ਫੱਟੇ (ਪਲਾਂਟਿੰਗ ਬੋਰਡ) ਨੂੰ ਇਸ ਤਰ੍ਹਾਂ ਰੱਖੋ ਕਿ ਇੱਕ ਪਾਸੇ ਨਿਸ਼ਾਨਬੰਦੀ ਵਾਲੀਆਂ ਕਿੱਲੀਆਂ ਫੱਟੇ ਤੇ ਪਾਸੇ ਵਾਲੇ ਕੱਟ ਵਿੱਚ ਪੂਰੀ ਤਰ੍ਹਾਂ ਫਿੱਟ ਹੋ ਜਾਣ। ਇਸ ਤੋਂ ਬਾਅਦ ਬੂਟੇ ਨੂੰ ਟੋਏ ਵਿੱਚ ਇਸ ਤਰ੍ਹਾਂ ਰੱਖੋ ਕਿ ਬੂਟੇ ਦਾ ਤਣਾ ਫੱਟੇ ਦੇ ਵਿਚਕਾਰਲੇ ਕੱਟ (ਵੀ-ਨੋਚ) ਵਿਚ ਆ ਜਾਵੇ।

★ ਬੂਟੇ ਲਗਾਉਣ ਵੇਲੇ ਇਹ ਧਿਆਨ ਰੱਖੋ ਕਿ ਪਿਉਂਦ ਵਾਲਾ ਹਿੱਸਾ ਜ਼ਮੀਨ ਤੋਂ 6 ਤੋਂ 9 ਇੰਚ ਜ਼ਰੂਰ ਉੱਚਾ ਹੋਵੇ। ਬੂਟੇ ਦੇ ਆਸੇ ਪਾਸੇ ਵਾਲੀ ਮਿੱਟੀ ਨੂੰ ਹਲਕਾ ਦਬਾ ਦਿਉ ਅਤੇ ਹਲਕਾ ਪਾਣੀ ਦਿਉ।

**ਬੂਟਿਆਂ ਦੀ ਮੁੱਢਲੀ ਸਾਂਭ-ਸੰਭਾਲ**

★ ਬੂਟੇ ਲਾਉਣ ਤੋਂ ਬਾਅਦ ਉਨ੍ਹਾਂ ਨੂੰ ਸੋਟੀ ਨਾਲ ਸਹਾਰਾ ਦਿਉ।

★ ਗਰਮੀ ਅਤੇ ਸਰਦੀ ਦੇ ਮਾੜੇ ਅਸਰ ਤੋਂ ਬਚਾਅ ਕਰੋ।

★ ਫ਼ਲਦਾਰ ਪੌਦਿਆਂ ਖਾਸ ਕਰਕੇ ਪਪੀਤੇ ਅਤੇ ਕੇਲੇ ਨੂੰ ਕੋਰੇ ਤੋਂ ਬਚਾਉਣ ਲਈ ਉਪਰਾਲੇ ਕਰੋ। ਇਸ ਤੋਂ ਇਲਾਵਾ ਨਵੇਂ ਲਾਏ ਬੂਟੇ ਜਿਵੇਂ ਕਿ ਅੰਬ, ਲੀਚੀ, ਆਂਵਲਾ ਅਤੇ ਅਮਰੂਦ ਦੇ ਬੂਟਿਆਂ ਨੂੰ ਵੀ ਕੋਰੇ ਤੋਂ ਬਚਾਉਣਾ ਬਹੁਤ ਜ਼ਰੂਰੀ ਹੈ।

★ ਨਵੇਂ ਬੂਟਿਆਂ ਦਾ ਧਿਆਨ ਰੱਖੋ ਅਤੇ ਮੁੱਢੋਂ ਫੁੱਟਣ ਵਾਲੀਆਂ ਸ਼ਾਖਾਵਾਂ ਅਤੇ ਸ਼ੱਕਰ ਆਦਿ ਲਗਾਤਾਰ ਕੱਟਦੇ ਰਹੋ।

★ ਪੌਦਿਆਂ ਦੇ ਚੰਗੇ ਵਾਧੇ ਲਈ ਗਰਮੀਆਂ ਵਿੱਚ ਹਫ਼ਤੇ ਵਿੱਚ ਇੱਕ ਵਾਰ ਅਤੇ ਸਰਦੀਆਂ ਵਿੱਚ 15 ਦਿਨਾਂ ਦੇ ਅੰਤਰਾਲ ਤੇ ਸਿੰਚਾਈ ਜ਼ਰੂਰੀ ਹੈ।

★ ਪੱਤਝੜੀ ਬੂਟਿਆਂ ਨੂੰ ਹਰ ਸਾਲ ਕਾਂਟ ਛਾਂਟ ਦੀ ਲੋੜ ਹੁੰਦੀ ਹੈ ਅਤੇ ਸਦਾਬਹਾਰ ਬੂਟਿਆਂ ਵਿੱਚ ਕੇਵਲ ਸੁੱਕੀਆਂ ਅਤੇ ਬਿਮਾਰੀ ਵਾਲੀਆਂ ਟਹਿਣੀਆਂ ਦੀ ਕਟਾਈ ਕਰੋ।

★ ਘਾਹ / ਨਦੀਨਾਂ ਦੀ ਰੋਕਥਾਮ ਲਈ ਨਦੀਨਾਂ ਲਈ ਗੋਡੀ ਅਤੇ ਪਰਾਲੀ / ਪਲਾਸਟਿਕ ਮਲਚ ਆਦਿ ਦੀ ਵਰਤੋਂ ਕਰੋ।

★ ਬੂਟਿਆਂ ਦੀ ਪੋਸ਼ਣ ਦੀ ਲੋੜ ਨੂੰ ਪੂਰਾ ਕਰਨ ਲਈ ਜੈਵਿਕ ਖਾਦ/ਰੂੜੀ ਦੀ ਵਰਤੋਂ ਕਰੋ।

★ ਕੀੜਿਆਂ ਦੀ ਰੋਕਥਾਮ ਲਈ ਨਿੰਮ ਯੁਕਤ ਪਦਾਰਥਾਂ ਦੇ ਛਿੜਕਾਅ, ਫ਼ਲ ਦੀ ਮੱਖੀ ਲਈ ਪੀ. ਏ. ਯੂ. ਫਰੂਟ ਫਲਾਈ ਟਰੈਪ ਆਦਿ ਨੂੰ ਅਪਣਾ ਕੇ ਕੀੜੇ ਮਾਰ ਰਸਾਇਣਾਂ ਦੀ ਵਰਤੋਂ ਵੀ ਘਟਾਈ ਜਾ ਸਕਦੀ ਹੈ।

# ਦਸੰਬਰ ਮਹੀਨੇ ਦੇ ਖੇਤੀ ਰੁਝੇਵੇਂ

**ਸੰਯੋਜਕ** : ਅਮਰਜੀਤ ਸਿੰਘ, **ਸੰਗ੍ਰਹਿ ਕਰਤਾ** : ਕਮਲਜੀਤ ਸਿੰਘ ਸੂਰੀ, ਅਮਿਤ ਕੌਲ, ਅਰਸ਼ ਆਲਮ ਸਿੰਘ ਗਿੱਲ, ਜਸਵਿੰਦਰ ਸਿੰਘ ਬਰਾੜ, ਜਸਪਾਲ ਸਿੰਘ, ਨਵਨੀਤ ਕੌਰ, ਸਿਮਰਤ ਸਿੰਘ, ਰੂਮਾ ਦੇਵੀ, ਤੇਜਵੀਰ ਸਿੰਘ ਅਤੇ ਸ਼ਿਵਾਨੀ ਸ਼ਰਮਾ

ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ ।

**ਸਜਾਵਟੀ ਬੂਟੇ :**

ਜੁਲਾਈ ਵਿੱਚ ਲਾਏ ਗਏ ਪੱਕੇ ਸਜਾਵਟੀ ਬੂਟੇ ਜਿਵੇਂ ਕਿ ਕਰੋਟਨ, ਡਾਈਫਨਬੇਚੀਆ, ਪਾਮ, ਸਿਨਗੋਨੀਅਮ,



ਮਨੀਪਲਾਂਟ, ਐਗਲੋਨੀਮਾ ਆਦਿ ਕੋਰੇ ਅਤੇ ਠੰਡੀ ਹਵਾ ਤੋਂ ਬਚਾਉਣ ਲਈ ਇਨ੍ਹਾਂ ਸਜਾਵਟੀ ਪੱਤੇਦਾਰ ਪੌਦਿਆਂ ਨੂੰ ਵਰਾਂਡੇ ਵਿੱਚ ਛੱਤ ਹੇਠ ਜਾਂ ਛਾਂ ਦਾਰ ਨੈੱਟ ਹੇਠ ਰੱਖ ਦਿਓ । ਗਮਲੇ ਵਾਲੇ ਡੇਲਿਆਂ ਦੇ ਪੌਦਿਆਂ ਨੂੰ ਕੋਰੇ ਤੋਂ ਬਚਾਉਣ ਲਈ ਸੁਰੱਖਿਅਤ ਜਗ੍ਹਾ ਤੇ ਰੱਖ ਦਿਓ । ਪਿਛਲੇ ਸਾਲ ਸਤੰਬਰ-ਅਕਤੂਬਰ ਵਿੱਚ ਗੁਲਾਬ ਦੇ ਜੜ੍ਹ-ਮੁੱਢ ਦੀਆਂ ਲਾਈਆਂ ਗਈਆਂ



ਕਲਮਾਂ ਉੱਪਰ ਇਸ ਮਹੀਨੇ ਵੱਖ-ਵੱਖ ਗੁਲਾਬ ਦੀਆਂ ਕਿਸਮਾਂ ਦੀਆਂ 'ਟੀ-ਬਡੀਂਗ' ਵਿਧੀ ਦੁਆਰਾ ਪਿਉਂਦ ਕਰਕੇ ਬੂਟੇ ਤਿਆਰ ਕੀਤੇ ਜਾ ਸਕਦੇ ਹਨ । ਗੁਲਦਾਉਦੀ ਦੇ ਮੁਰਝਾਏ ਅਤੇ ਸੁੱਕੇ ਹੋਏ ਫੁੱਲਾਂ ਨੂੰ ਕੈਂਚੀ ਨਾਲ ਤੋੜ ਦਿਓ ।

ਗਲੈਡੀਓਲਸ ਨੂੰ ਤਿੰਨ ਜਾਂ ਪੱਤਿਆਂ ਸਮੇਂ ਪਾਉਣ ਵਾਲੀ ਅਵਸਥਾ ਵਿੱਚ ਨਾਈਟ੍ਰੋਜਨ ਖਾਦ ਦੀ ਪਹਿਲੀ ਜਾਂ ਦੂਜੀ ਕਿਸ਼ਤ ਪਾਓ ਅਤੇ ਖਾਦ ਦਾ ਛਿੱਟਾ ਦੇਣ ਤੋਂ ਬਾਅਦ ਬੂਟਿਆਂ ਦਾ ਤਣਾ ਮਜ਼ਬੂਤ ਰੱਖਣ ਲਈ ਮਿੱਟੀ ਚੜਾਓ ।

ਗੇਂਦੇ ਦੇ ਖੇਤਾਂ ਵਿੱਚੋਂ ਸਿੰਗਲ ਪੱਤੀ ਵਾਲੇ ਫੁੱਲਾਂ ਦੇ ਬੂਟਿਆਂ ਨੂੰ ਪੁੱਟਦੇ ਰਹੋ । ਗੇਂਦੇ ਤੋਂ ਬੀਜ ਲੈਣ ਲਈ ਤੰਦਰੁਸਤ ਬੂਟਿਆਂ ਤੋਂ ਗੁੰਦਵੇਂ ਫੁੱਲਾਂ ਦੀ ਚੋਣ ਕਰੋ । ਸੁੱਕੇ ਫੁੱਲਾਂ ਨੂੰ ਤੋੜ ਕੇ ਬੀਜ ਬਣਾਉਣ ਲਈ ਰੱਖ ਲਓ ।

ਮੌਸਮੀ ਫੁੱਲਾਂ ਅਤੇ ਘਾਹ ਦੇ ਮੈਦਾਨ ਵਿੱਚ ਪਾਣੀ ਦਾ ਖ਼ਾਸ ਖਿਆਲ ਰੱਖੋ ਤਾਂ ਜੋ ਇਨ੍ਹਾਂ ਨੂੰ ਕੋਰੇ ਤੋਂ ਬਚਾਇਆ ਜਾ ਸਕੇ ।

**ਵਣ ਖੇਤੀ**

**ਪਾਪਲਰ**

**ਅੰਤਰ-ਖੇਤੀ** : ਪਾਪਲਰ ਦੀਆਂ ਪਲਾਂਟੇਸ਼ਨਾਂ ਵਿੱਚ ਪਿਆਜ਼ ਮੱਧ ਦਸੰਬਰ ਦੇ ਵਿੱਚ ਲਗਾ ਦੇਣੇ ਚਾਹੀਦੇ ਹਨ । ਜੇਕਰ ਫ਼ਸਲ ਨਾ ਬੀਜੀ ਹੋਵੇ ਤਾਂ ਖੇਤਾਂ ਨੂੰ ਚੰਗੀ ਤਰ੍ਹਾਂ ਵਾਹ ਦਿਓ, ਤਾਂ ਕਿ ਅਗਲੇ ਸਾਲ ਪੱਤੇ ਖਾਣ ਵਾਲੀਆਂ ਸੁੰਡੀਆਂ ਦਾ ਹਮਲਾ ਘੱਟ ਹੋਵੇ ।

**ਕਾਂਟ-ਛਾਂਟ** : ਲੱਕੜ ਉਦਯੋਗ ਵਿੱਚ ਹਮੇਸ਼ਾਂ ਹੀ ਪਾਪਲਰ ਦੇ ਸਿੱਧੇ ਤੇ ਸਾਫ਼ ਤਣੇ ਨੂੰ ਪਸੰਦ ਕੀਤਾ ਜਾਂਦਾ ਹੈ । ਨਵੇਂ ਪੁੰਗਾਰੇ ਸਮੇਂ ਇੱਕ ਤੋਂ ਵੱਧ ਮੁੱਖ ਸ਼ਾਖਾਵਾਂ ਬਣ ਜਾਂਦੀਆਂ ਹਨ ਜੋ ਕਿ ਇਮਾਰਤੀ ਦਰੱਖਤਾਂ ਵਿੱਚ ਬੇਲੋੜੀਆਂ ਸਮਝੀਆਂ ਜਾਂਦੀਆਂ ਹਨ । ਇੱਕ ਸਿਹਤਮੰਦ ਮੁੱਖ ਸ਼ਾਖਾ ਹੀ ਰੱਖੋ । ਕਾਂਟ-ਛਾਂਟ ਬੂਟਿਆਂ ਦੇ ਵਾਧੇ ਅਤੇ ਉਮਰ ਤੇ ਨਿਰਭਰ ਕਰਦੀ ਹੈ । ਕਾਂਟ-ਛਾਂਟ ਸਿਰਫ਼ ਮੋਟੀਆਂ ਸ਼ਾਖਾਵਾਂ ਦੀ ਹੀ ਕਰਨੀ ਚਾਹੀਦੀ ਹੈ । ਕਿਉਂਕਿ



ਪਤਲੀਆਂ ਸ਼ਾਖਾਵਾਂ ਰੁੱਖ ਦੇ ਵਾਧੇ ਵਿੱਚ ਸਹਾਈ ਹੁੰਦੀਆਂ ਹਨ । ਵਾਧੂ ਕਾਂਟ-ਛਾਂਟ ਨਾ ਕਰੋ ਕਿਉਂਕਿ ਹੇਠਲੇ ਹਿੱਸੇ ਤੋਂ ਵਾਧੂ ਸ਼ਾਖਾਵਾਂ ਨਿਕਲਦੀਆਂ ਹਨ, ਜਿਸ ਨਾਲ ਲੱਕੜ ਦੀ ਗੁਣਵੱਤਾ ਮਾੜੀ ਹੋ ਜਾਂਦੀ ਹੈ । ਦਰੱਖਤਾਂ ਦੇ ਕੱਟੇ ਹਿੱਸਿਆਂ ਤੇ ਬੋਰਡੋ ਪੇਸਟ ਲਗਾਉਣਾ ਨਾ ਭੁੱਲੋ ।

**ਸਫੈਦਾ** : ਇਮਾਰਤੀ ਲੱਕੜ ਲਈ ਰੁੱਖਾਂ ਨੂੰ 8 ਤੋਂ 10 ਸਾਲਾਂ ਦੀ ਉਮਰ ਤੋਂ ਬਾਅਦ ਕੱਟੋ, ਜਦੋਂ ਇਨ੍ਹਾਂ ਦੇ ਤਣੇ ਦੀ ਮੋਟਾਈ 80 ਤੋਂ 100 ਸੈਂਟੀਮੀਟਰ ਹੋ ਜਾਵੇ (ਧਰਤੀ ਤੋਂ 4.5 ਫੁੱਟ ਦੀ ਉਚਾਈ ਤੇ), ਪੇਪਰ ਅਤੇ ਪੱਲਪ ਲਈ ਸਫੈਦੇ ਦੇ ਰੁੱਖ 6 ਸਾਲਾਂ ਦੀ ਉਮਰ ਤੋਂ ਬਾਅਦ ਕੱਟੋ ਜਦੋਂ ਇਨ੍ਹਾਂ ਦੀ ਮੋਟਾਈ 40 ਸੈਂਟੀਮੀਟਰ ਹੋ ਜਾਵੇ ਅਤੇ ਬੱਲੀਆਂ ਲਈ ਸਫੈਦੇ ਦੇ ਰੁੱਖ 4 ਸਾਲ ਦੀ ਉਮਰ ਤੋਂ ਬਾਅਦ ਕੱਟ ਲਵੋ । ਰੁੱਖਾਂ ਦੀ ਕਟਾਈ ਸਰਦੀਆਂ ਵਿੱਚ ਕਰਨੀ ਚਾਹੀਦੀ ਹੈ ਅਤੇ ਇਨ੍ਹਾਂ ਦੇ ਮੁੱਢ ਛਾਂ ਹੇਠਾਂ ਸੁਕਾਉਣੇ ਚਾਹੀਦੇ ਹਨ ਤਾਂ ਜੋ ਲੱਕੜ ਨੂੰ ਘੁੰਮਣ ਅਤੇ ਫੱਟਣ ਤੋਂ ਬਚਾਇਆ ਜਾ ਸਕੇ ।

**ਟਾਹਲੀ** : ਟਾਹਲੀ ਦੀ ਨਰਸਰੀ ਉਗਾਉਣ ਵਾਸਤੇ, ਸਿਹਤਮੰਦ ਅਤੇ ਸਿੱਧੇ ਦਰਖਤਾਂ ਤੋਂ ਦਸੰਬਰ ਵਿੱਚ ਫਲੀਆਂ ਇਕੱਠੀਆਂ ਕਰਕੇ ਬੀਜ ਲਈ ਸੁਕਾ ਕੇ ਅਤੇ ਫਿਰ ਹਵਾ ਬੰਦ ਬਰਤਨ ਵਿੱਚ ਸਾਂਭ ਲਓ ।

**ਸ਼ਹਿਦ ਦੀਆਂ ਮੱਖੀਆਂ ਪਾਲਣਾ**

ਸ਼ਹਿਦ ਮੱਖੀਆਂ ਦੇ ਕਟੁੰਬਾਂ ਨੂੰ ਇਸ ਮਹੀਨੇ ਦੌਰਾਨ ਜ਼ਿਆਦਾ ਖੋਲ੍ਹਣਾ ਨਹੀਂ ਚਾਹੀਦਾ । ਜੇਕਰ ਬਹੁਤ ਜ਼ਰੂਰੀ ਹੋਵੇ ਤਾਂ ਕਿਸੇ ਬੰਦ ਹਵਾ ਅਤੇ ਧੁੱਪ ਵਾਲੇ ਦਿਨ ਦੁਪਹਿਰ ਵੇਲੇ ਇਨ੍ਹਾਂ ਨੂੰ ਖੋਲ੍ਹ ਕੇ ਝਟਪਟ ਨਿਰੀਖਣ ਕਰਕੇ ਲੋੜੀਂਦੇ ਪ੍ਰਬੰਧ ਕਰੋ । ਹਾਈਵ ਦੀਆਂ ਤਰੇੜਾਂ/ਝੀਥਾਂ ਆਦਿ ਗਾਰੇ ਜਾਂ ਚਿਪਕੂ-ਟੇਪ ਨਾਲ ਸੀਲ ਕੀਤੀਆਂ ਹੋਣੀਆਂ ਚਾਹੀਦੀਆਂ ਹਨ । ਜੇਕਰ ਕਟੁੰਬ ਹਾਲੇ ਵੀ ਛਾਵੇਂ ਪਏ ਹਨ ਤਾਂ ਹਰ ਰੋਜ਼ 3 ਫੁੱਟ ਤੋਂ ਘੱਟ-ਘੱਟ ਹਿਲਾ ਕੇ ਧੁੱਪੇ ਕਰ ਦਿਉ । ਕਟੁੰਬ ਖੁਲ੍ਹੇ ਮੈਦਾਨ ਵਿੱਚ ਨਾ ਰੱਖੇ ਹੋਣ ਬਲਕਿ ਕਟੁੰਬਾਂ ਨੂੰ ਕਿਸੇ ਉਹਲੇ ਵਾਲੀ ਥਾਂ ਤੇ ਜਾਂ ਕੰਧਾਂ ਦੇ ਨੇੜੇ ਟਿਕਾਓ ਤਾਂ ਕਿ ਕਟੁੰਬ ਠੰਢੀਆਂ ਹਵਾਵਾਂ ਤੋਂ ਬਚੇ ਰਹਿਣ । ਕਟੁੰਬਾਂ ਦਾ ਗੇਟ ਤਰਜ਼ੀਹ ਦੇ ਤੌਰ ਤੇ ਦੱਖਣ-ਪੂਰਬ ਵੱਲ ਹੋਣੇ ਚਾਹੀਦੇ ਹਨ । ਠੰਡ ਤੋਂ ਬਚਾਅ ਲਈ ਕਟੁੰਬਾਂ ਨੂੰ ਸਰਦੀ ਦੀ ਪੈਕਿੰਗ ਦੇਵੋ । ਪਰਾਲੀ ਨੂੰ ਅਖਬਾਰ ਵਿੱਚ ਲਪੇਟ ਕੇ ਹਾਈਵ ਵਿਚਲੀ ਖਾਲੀ ਜਗ੍ਹਾ ਵਿੱਚ ਭਰ ਦਿਉ ਪਰ ਛੱਤਿਆਂ ਅਤੇ ਪਰਾਲੀ ਵਿਚਕਾਰ ਡੰਮੀ ਬੋਰਡ ਲਾ ਦਿਓ । ਲੰਮੇਂ ਸਮੇਂ ਬੱਦਲਵਾਈ/ਧੁੰਦ/ਬਰਸਾਤ ਰਹਿਣ ਨਾਲ ਕਟੁੰਬਾਂ ਵਿੱਚ ਖੁਰਾਕ ਦੀ ਕਮੀ ਆ ਸਕਦੀ ਹੈ । ਅਜਿਹੀ ਹਾਲਤ ਵਿੱਚ ਕਟੁੰਬਾਂ ਨੂੰ ਲੋੜ ਅਨੁਸਾਰ ਖੰਡ ਦੇ ਗਾੜ੍ਹੇ ਘੋਲ (ਦੋ ਹਿੱਸੇ ਖੰਡ, ਇੱਕ ਹਿੱਸਾ ਪਾਣੀ) ਦੀ ਖੁਰਾਕ ਦੇਣੀ ਚਾਹੀਦੀ ਹੈ । ਇਹ ਖੁਰਾਕ ਤਰਜ਼ੀਹ ਦੇ ਤੌਰ ਤੇ ਪੂਰੇ ਬਣੇ ਹੋਏ ਛੱਤਿਆਂ ਵਿੱਚ ਭਰ ਕੇ ਦਿਉ । ਦਸੰਬਰ ਵਿੱਚ ਦਿੱਤੀ ਸਰਦੀ ਦੀ ਪੈਕਿੰਗ ਜਨਵਰੀ ਮਹੀਨੇ ਵੀ ਜਾਰੀ ਰਹਿਣ ਦੇਣੀ ਹੈ । ਜੇ ਕਟੁੰਬਾਂ ਦੀ ਹਿਜ਼ਰਤ ਕਿਸੇ ਵਧੀਆ ਨੈਕਟਰ ਦੇ ਸਰੋਤ ਤੇ ਕੀਤੀ ਹੈ ਅਤੇ ਜੇ ਸੁਪਰ ਚੈਂਬਰਾਂ ਦੇ ਛੱਤਿਆਂ ਵਿੱਚ ਕਾਫ਼ੀ ਮਾਤਰਾ ਵਿੱਚ ਪੱਕਿਆ/ਸੀਲ ਸ਼ਹਿਦ ਮੌਜੂਦ ਹੈ, ਤਾਂ ਇਹ ਸ਼ਹਿਦ ਸਰਦੀ ਰੁੱਤ ਦੇ ਸ਼ੁਰੂ ਵਿੱਚ ਹੀ ਕਿਸੇ ਹਵਾ-ਬੰਦ ਧੁੱਪ ਵਾਲੇ ਦਿਨ ਦੁਪਹਿਰ ਵੇਲੇ ਕੱਢ ਲਵੋ, ਨਾਲ ਹੀ ਰੌਬਿੰਗ ਬਾਰੇ ਵੀ ਸੁਚੇਤ ਰਹੋ ਅਤੇ ਰੌਬਿੰਗ-ਰੋਕੂ ਲੋੜੀਂਦੇ ਉਪਰਾਲੇ ਵੀ ਕਰੋ ।

**ਖੁੰਬਾਂ ਦੀ ਕਾਸ਼ਤ :**

1. ਇਸ ਮਹੀਨੇ ਦੌਰਾਨ ਬਟਨ ਖੁੰਬ ਦੇ ਛੋਟੇ-ਛੋਟੇ ਕਿਣਕੇ ਨਿਕਲਣ ਲੱਗ ਜਾਂਦੇ ਹਨ ਜਿਹੜੇ ਕਿ ਤਿੰਨ-ਚਾਰ ਦਿਨਾਂ ਵਿੱਚ ਤੁੜਾਈ ਲਾਇਕ ਹੋ ਜਾਂਦੇ ਹਨ ।



ਇਨ੍ਹਾਂ ਦੀ ਤੁੜਾਈ ਖੁੰਬਾਂ ਦੀ ਟੋਪੀ ਤੋਂ ਫੜ ਕੇ ਅਤੇ ਹਲਕਾ ਘੁੰਮਾ ਕੇ ਕੀਤੀ ਜਾਂਦੀ ਹੈ ।

2. ਇਸੇ ਤਰ੍ਹਾਂ ਖੁੰਬਾਂ ਦੀ ਤੁੜਾਈ ਲਗਾਤਾਰ ਤਿੰਨ-ਚਾਰ ਹਫ਼ਤਿਆਂ ਤੱਕ ਜਾਰੀ ਰਹਿੰਦੀ ਹੈ । ਚੰਗੇ ਝਾੜ ਲਈ ਕਮਰਿਆਂ ਦਾ ਤਾਪਮਾਨ (14-180 ਸੈਲਸੀਅਸ) ਅਤੇ ਨਮੀ 80-85% ਹੋਣੀ ਚਾਹੀਦੀ ਹੈ ।

3. ਦਸੰਬਰ ਦੇ ਪਹਿਲੇ ਹਫ਼ਤੇ ਦੌਰਾਨ, ਖੁੰਬਾਂ ਦੀ ਅਗਲੀ ਫ਼ਸਲ ਲਈ ਕੰਪੋਸਟ ਦੀ ਤਿਆਰੀ ਸ਼ੁਰੂ ਕਰ ਦੇਣੀ ਚਾਹੀਦੀ ਹੈ । ਕੰਪੋਸਟ ਦੀ ਢੇਰੀ ਬਣਾਉਣ ਸਮੇਂ ਹੀ ਕਿਸਾਨ ਵੀਰਾਂ ਨੂੰ ਖੁੰਬਾਂ ਦੇ ਸਪਾਨ ਦੀ ਬੁਕਿੰਗ ਕਰਵਾ ਦੇਣੀ ਚਾਹੀਦੀ ਹੈ ।

4. ਢੀਂਗਰੀ ਖੁੰਬ ਦੀ ਦੂਜੀ ਫ਼ਸਲ ਦੀ ਕਾਸ਼ਤ ਵੀ ਇਸੇ ਮਹੀਨੇ ਦੌਰਾਨ ਕੀਤੀ ਜਾਂਦੀ ਹੈ ।

**ਪਸ਼ੂ ਪਾਲਣ :**

1. ਆਪਣੇ ਪਸ਼ੂਆਂ ਨੂੰ ਸੁੱਕੀ ਥਾਂ ਤੇ ਬੰਨੋ । ਉਨ੍ਹਾਂ ਥੱਲੇ ਵਿਛਾਈ ਸੁੱਕ ਗਿੱਲੀ ਹੋ ਜਾਵੇ ਤਾਂ ਬਦਲ ਦਿਓ ।

2. ਨਵਜੰਮੇ/ਕੱਟੜੂ-ਵੱਛੜੂ ਠੰਡ ਵਿੱਚ ਜਲਦੀ ਨਮੂਨੀਏ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਜ਼ਿਆਦਾ ਮੌਤਾਂ ਇਸ ਕਾਰਨ ਹੀ ਹੁੰਦੀਆਂ ਹਨ । ਉਨ੍ਹਾਂ ਨੂੰ ਸਾਫ-ਸੁਥਰੀ ਜਗ੍ਹਾ ਉੱਤੇ ਰੱਖੋ ।

3. ਰਾਤ ਨੂੰ ਪਸ਼ੂਆਂ ਨੂੰ ਅੰਦਰ ਰੱਖੋ ਅਤੇ ਦਿਨੇ ਧੁੱਪ ਵਿੱਚ ਬੰਨੋ ਜੇ ਲੋੜ ਪਵੇ ਤਾਂ ਸ਼ੈਡ ਦੇ ਪਾਸਿਆਂ ਉੱਤੇ ਪੱਲੀ ਵੀ ਲਾਈ ਜਾ ਸਕਦੀ ਹੈ । ਜ਼ਿਆਦਾ ਠੰਡ ਵਿੱਚ ਪਸ਼ੂਆਂ ਉੱਪਰ ਝੁੱਲ ਵੀ ਪਾਏ ਜਾ ਸਕਦੇ ਹਨ ।

4. ਪਸ਼ੂਆਂ ਨੂੰ ਸਵੇਰੇ ਸ਼ਾਮ ਦੁੱਧ ਚੋਣ ਵੇਲੇ ਦੇਖਣਾ ਚਾਹੀਦਾ ਹੈ ਜੇਕਰ ਪਸ਼ੂ ਤਾਰਾਂ ਕੱਢਦਾ ਹੋਵੇ ਤਾਂ ਉਸ ਨੂੰ ਗਰਭਦਾਨ ਦਾ ਟੀਕਾ ਲਗਵਾਉਣਾ ਚਾਹੀਦਾ ਹੈ ।

5. ਪਸ਼ੂਆਂ ਦਾ ਦੁੱਧ ਚੋਣ ਤੋਂ ਬਾਅਦ ਥਣਾਂ ਉੱਪਰ ਫਟੇ ਹੋਏ ਜਾਂ ਜ਼ਖਮੀ ਥਣਾਂ ਨੂੰ ਗਲਿਸਰੀਨ ਅਤੇ ਬੀਟਾਡੀਨ (1:3) ਦੇ ਘੋਲ ਵਿੱਚ ਡੋਬਾ ਦੇ ਕੇ ਠੀਕ ਕੀਤਾ ਜਾ ਸਕਦਾ ਹੈ ।

6. ਪਸ਼ੂਆਂ ਨੂੰ ਅਫਾਰੇ ਤੋਂ ਬਚਾਉਣ ਲਈ ਕੁਤਰੀ ਹੋਈ ਬਰਸੀਮ ਵਿੱਚ 3-4 ਕਿੱਲੋ ਤੂੜੀ ਰਲਾ ਕੇ ਖੁਆਉਣੀ ਚਾਹੀਦੀ ਹੈ । ਗਿੱਲ੍ਹੇ ਚਾਰੇ ਤੋਂ ਪ੍ਰਹੇਜ਼ ਕਰੋ ।

7. ਸਰਦੀਆਂ ਵਿੱਚ ਪਸ਼ੂ ਖੁਰਾਕ ਵਿੱਚ ਪ੍ਰੋਟੀਨ ਦੀ ਮਾਤਰਾ ਘਟਾਈ ਜਾ ਸਕਦੀ ਹੈ । ਕਿਉਂਕਿ ਬਰਸੀਮ, ਲੂਸਣ, ਰਾਈ ਘਾਹ ਆਦਿ ਚਾਰਿਆਂ ਵਿੱਚ 19-21% ਪ੍ਰੋਟੀਨ ਕੁਦਰਤੀ ਹੁੰਦੀ ਹੈ । ਪਸ਼ੂਆਂ ਨੂੰ ਇਕੱਲੀ ਪਰਾਲੀ ਨਾ ਪਾਓ ਕਿਉਂਕਿ ਪਰਾਲੀ ਵਿੱਚ ਮਿੱਟੀ ਹੋਣ ਕਰਕੇ ਪਸ਼ੂਆਂ ਨੂੰ ਮੋਕ ਵੀ ਲੱਗ ਸਕਦੀ ਹੈ ਅਤੇ ਦੇਗਨਾਲਾ ਬਿਮਾਰੀ ਵੀ ਹੋ ਸਕਦੀ ਹੈ ।

8. ਵੱਡੇ ਪਸ਼ੂਆਂ ਅਤੇ ਇੱਕ ਮਹੀਨੇ ਤੋਂ ਉੱਪਰ ਦੇ ਬੱਚਿਆਂ ਨੂੰ ਮੂੰਹ ਖੁਰ ਦੇ ਟੀਕੇ ਲਗਵਾਓ ।

9. 15 ਦਿਨ ਦੇ ਕੱਟੜੂ/ਵੱਛੜੂ ਮਲੱਪ ਰਹਿਤ ਕਰੋ । ਵੱਡਿਆਂ ਨੂੰ 6 ਮਹੀਨੇ ਦੀ ਉਮਰ ਤੱਕ ਮਾਸਿਕ ਅੰਤਰਾਲ ਤੇ ਮਲੱਪ ਰਹਿਤ ਕਰੋ ਤੇ ਫਿਰ 3 ਮਹੀਨਿਆਂ ਦੇ ਅੰਤਰਾਲ ਤੇ ਵੱਖ-ਵੱਖ ਦਵਾਈਆਂ ਦੀ ਵਰਤੋਂ ਕਰਕੇ ਮਲੱਪ ਰਹਿਤ ਕਰੋ । ਵੱਛਿਆਂ ਵਿੱਚ ਛੇ ਹਫ਼ਤੇ ਦੀ ਉਮਰ ਤੋਂ ਪਹਿਲਾਂ ਡੀਹੋਰਨਿੰਗ ਕੀਤੀ ਜਾਣੀ ਚਾਹੀਦੀ ਹੈ ।

10. ਸੂਣ ਦੇ ਨੇੜੇ ਗੱਭਣ ਪਸ਼ੂ ਦੀ ਖੁਰਾਕ ਵਿੱਚ 8-12 ਗ੍ਰਾਮ ਨਾਇਆਸਿਨ, 15-30 ਗ੍ਰਾਮ ਕੋਲੀਨਕਲੋਰਾਈਡ ਅਤੇ 500 ਯੂਨਿਟ ਵਿਟਾਮਿਨ ਈ ਪਾਓ । ਗਰਭਕਾਲ ਦੇ ਅਖੀਰਲੇ 21 ਦਿਨਾਂ ਦੌਰਾਨ ਨਮਕ, ਮਿੱਠਾ ਸੋਡਾ, ਧਾਤਾਂ ਦਾ ਚੂਰਾ ਜਾਂ ਕੈਲਸ਼ੀਅਮ ਕਿਸੇ ਵੀ ਰੂਪ ਵਿੱਚ ਨਾ ਦਿਓ । ਸੂਤਕੀ ਬੁਖਾਰ ਤੋਂ ਬਚਾਅ ਲਈ ਇਕੱਲੇ ਫਲੀਦਾਰ ਚਾਰੇ ਨਾ ਪਾਓ ਅਤੇ ਵਿੱਚ ਕੋਈ ਹੋਰ ਚਾਰਾ ਜਾਂ ਸਾਈਲੇਜ਼ ਮਿਕਸ ਕਰਕੇ ਪਾਓ ।

**ਮੁਰਗੀ ਪਾਲਣ**

ਸ਼ੈਡ ਦੇ ਛਾਂ ਵਾਲੇ ਪਾਸੇ ਤੇ ਪਰਦੇ ਲਗਾਓ ਅਤੇ ਧੁੱਪ ਵਾਲਾ ਪਾਸਾ ਖੁੱਲਾ ਰੱਖੋ ਤਾਂ ਜੋ ਅਮੋਨੀਆ ਗੈਸ ਦਾ ਨਿਕਾਸ ਹੁੰਦਾ ਰਹੇ । ਸ਼ੈੱਡ ਅੰਦਰ ਤਾਪਮਾਨ 75 ਡਿਗਰੀ ਫਾਰਨਹੀਟ ਤੋਂ ਥੱਲੇ ਨਹੀਂ ਜਾਣਾ ਚਾਹੀਦਾ । ਨਮੀਂ ਵਧਾਉਣ ਲਈ ਬੁਖਾਰੀ



ਆਦਿ ਕੋਲ ਪਾਣੀ ਦੀ ਬਾਲਟੀ ਵਗੈਰਾ ਰੱਖੋ ਜਿਸ ਵਿੱਚੋਂ ਪਾਣੀ ਵਾਸ਼ਪੀਕਰਨ ਹੋ ਕੇ ਨਮੀਂ ਵਧਾ ਦਿੰਦਾ ਹੈ । ਨਮੀਂ ਦੀ ਮਾਤਰਾ 65% ਦੇ ਕਰੀਬ ਰੱਖੋ । ਜੇਕਰ ਠੰਡ ਜ਼ਿਆਦਾ ਹੋਵੇ ਤਾਂ ਪਰਦੇ ਦੋਹਰੇ ਕਰ ਦੇਣੇ ਚਾਹੀਦੇ ਹਨ । ਚੂਚਿਆਂ ਨੂੰ ਉਮਰ ਮੁਤਾਬਿਕ ਨਿੱਘ ਦੇਣਾ ਚਾਹੀਦਾ ਹੈ । ਪਹਿਲੇ ਹਫ਼ਤੇ ਬਰੂਡ ਥੱਲੇ ਤਾਪਮਾਨ 90-95 ਡਿਗਰੀ ਫਾਰਨਹੀਟ ਹੋਣਾ ਚਾਹੀਦਾ ਹੈ ਅਤੇ ਹਰ ਹਫ਼ਤੇ 5 ਡਿਗਰੀ ਘਟਾਉਂਦੇ ਜਾਣਾ ਚਾਹੀਦਾ ਹੈ ਜਾਂ ਤਾਪਮਾਨ ਅੰਦਾਜ਼ੇ ਅਨੁਸਾਰ ਵੀ ਘਟਾ ਸਕਦੇ ਹੈ । ਮੁਰਗੀਆਂ ਦੀ ਖੁਰਾਕ ਵਿੱਚ ਪ੍ਰੋਟੀਨ ਦੀ ਮਾਤਰਾ ਵਧਾਉਣ ਲਈ ਸੋਇਆਬੀਨ ਆਦਿ ਪਾਓ । ਦਾਣੇ ਵਿੱਚ ਕੋਕਸੀਡਿਊ ਸਟੇਟ ਪਾਓ ਤਾਂ ਜੋ ਖ਼ੂਨੀ ਦਸਤ ਤੋਂ ਮੁਰਗੀਆਂ ਨੂੰ ਬਚਾਇਆ ਜਾ ਸਕੇ । ਜੇਕਰ ਮੁਰਗੀਆਂ ਡੂੰਘੀ ਸੁੱਕ ਵਿਧੀ ਰਾਹੀਂ ਪਾਲੀਆਂ ਜਾ ਰਹੀਆਂ ਹਨ ਤਾਂ ਸੁੱਕ ਨੂੰ ਹਫ਼ਤੇ ਵਿੱਚ 2-3 ਵਾਰੀ ਫਲੋ ਤਾਂ ਜੋ ਸੁੱਕ ਨੂੰ ਖੁਸ਼ਕ ਰੱਖਿਆ ਜਾ ਸਕੇ । ਆਂਡੇ ਦੇ ਰਹੀਆਂ ਮੁਰਗੀਆਂ ਨੂੰ 16 ਘੰਟੇ ਰੋਸ਼ਨੀ ਅਤੇ ਵੱਧ ਰਹੇ ਚੂਚਿਆਂ ਨੂੰ 20-24 ਘੰਟੇ ਰੋਸ਼ਨੀ ਦਿਓ ।

# ਚਮਤਕਾਰੀ ਰੁੱਖ ਹੈ ਸੁਹਾਜਣਾ

ਵੈਦ ਬੀ ਕੇ ਸਿੰਘ
ਪਿੰਡ ਜੈ ਸਿੰਘ ਵਾਲਾ (ਮੋਗਾ)
ਮੋਬਾਇਲ 98726-10005

**ਵੱਧ ਰਹੀਆਂ ਬਿਮਾਰੀਆਂ ਅਤੇ ਡਾਕਟਰਾਂ ਦੇ ਮਹਿੰਗੇ ਇਲਾਜਾਂ ਦੀ ਮਾਰ ਝੱਲਣ ਨਾਲੋਂ ਬਿਹਤਰ ਹੈ ਕਿ ਆਪਾਂ ਸਰੀਰ ਨੂੰ ਤੰਦਰੁਸਤ ਅਤੇ ਨਿਰੋਗ ਰੱਖਣ ਵਾਲੇ ਰੁੱਖਾਂ ਅਤੇ ਜੜੀ ਬੂਟੀਆਂ ਦੀ ਜਾਣਕਾਰੀ ਹਾਸਿਲ ਕਰਕੇ ਆਪਣੇ ਸਰੀਰ ਨੂੰ ਨਿਰੋਗ ਰੱਖਕੇ ਸੁਖੀ ਅਤੇ ਸਵਸਥ-ਜੀਵਨ ਦਾ ਆਨੰਦ ਮਾਣੀਏ । ਉਂਝ ਤਾਂ ਸੁਹਾਜਣੇ ਰੁੱਖ ਬਾਰੇ ਲੋਕ ਬਹੁਤ ਜਾਗਰੂਕ ਹੋ ਚੁੱਕੇ ਹਨ । ਫਿਰ ਵੀ ਇਸ ਦੀ ਅਨਮੁੱਲੀ ਜਾਣਕਾਰੀ ਤੁਹਾਡੇ ਨਾਲ ਸਾਂਝੀ ਕਰਾਂਗੇ । ਸੁਹਾਜਣਾ ਨੂੰ ਹਿੰਦੀ ਵਿਚ ਸਹਿਜਨ, ਪੰਜਾਬੀ ਵਿੱਚ ਸੁਹਾਜਣਾ, ਅੰਗਰੇਜ਼ੀ ਵਿਗਿਆਨਕ ਨਾਂ ਹੋਰਸ ਟ੍ਰੀ ਮੋਰਿੰਗਾ ਔਲਫੇਰਾ, ਅਲੱਗ-2 ਪ੍ਰਦੇਸ਼ਾਂ ਵਿੱਚ ਵੱਖ-2 ਨਾਂਵਾਂ ਨਾਲ ਜਾਣਿਆ ਜਾਂਦਾ ਹੈ ।**

ਧਰਤੀ ਦੀ ਗੋਦ ਬੜੀ ਵਿਸ਼ਾਲ ਹੈ । ਧਰਤੀ ਨੂੰ ਮਾਂ ਦਾ ਦਰਜਾ ਦਿੱਤਾ ਜਾਂਦਾ ਹੈ । ਧਰਤੀ ਮਾਂ ਨੇ ਆਪਣੀ ਹਿੱਕ ਤੇ ਅਨੇਕਾਂ ਚਮਤਕਾਰੀ ਰੁੱਖ, ਪੌਦੇ, ਜੜੀ ਬੂਟੀਆਂ ਪੈਦਾ ਕੀਤੀਆਂ ਹਨ । ਜੇ ਆਪਾਂ ਜਾਣਕਾਰੀ ਰੱਖਣ ਦੇ ਚਾਹਵਾਨ ਹੋਈਏ ਤਾਂ ਆਂਪਾਂ ਨੂੰ ਲੱਗਭਗ ਹਰ ਬਿਮਾਰੀ ਦਾ ਇਲਾਜ ਇਨ੍ਹਾਂ ਰੁੱਖਾਂ ਅਤੇ ਜੜੀ ਬੂਟੀਆਂ ਵਿੱਚੋਂ ਹੀ ਮਿਲ ਜਾਵੇਗਾ । ਵੱਧ ਰਹੀਆਂ ਬਿਮਾਰੀਆਂ ਅਤੇ ਡਾਕਟਰਾਂ ਦੇ ਮਹਿੰਗੇ ਇਲਾਜਾਂ ਦੀ ਮਾਰ ਝੱਲਣ ਨਾਲੋਂ ਬਿਹਤਰ ਹੈ ਕਿ ਆਪਾਂ ਸਰੀਰ ਨੂੰ ਤੰਦਰੁਸਤ ਅਤੇ ਨਿਰੋਗ ਰੱਖਣ ਵਾਲੇ ਰੁੱਖਾਂ ਅਤੇ ਜੜੀ ਬੂਟੀਆਂ ਦੀ ਜਾਣਕਾਰੀ ਹਾਸਿਲ ਕਰਕੇ ਆਪਣੇ ਸਰੀਰ ਨੂੰ ਨਿਰੋਗ ਰੱਖਕੇ ਸੁਖੀ ਅਤੇ ਸਵਸਥ-ਜੀਵਨ ਦਾ ਆਨੰਦ ਮਾਣੀਏ । ਉਂਝ ਤਾਂ ਸੁਹਾਜਣੇ ਰੁੱਖ ਬਾਰੇ ਲੋਕ ਬਹੁਤ ਜਾਗਰੂਕ ਹੋ ਚੁੱਕੇ ਹਨ । ਫਿਰ ਵੀ ਇਸ ਦੀ ਅਨਮੁੱਲੀ ਜਾਣਕਾਰੀ ਤੁਹਾਡੇ ਨਾਲ ਸਾਂਝੀ ਕਰਾਂਗੇ । ਸੁਹਾਜਣਾ ਨੂੰ ਹਿੰਦੀ ਵਿਚ ਸਹਿਜਨ, ਪੰਜਾਬੀ ਵਿੱਚ ਸੁਹਾਜਣਾ, ਅੰਗਰੇਜ਼ੀ ਵਿਗਿਆਨਕ ਨਾਂ ਹੋਰਸ ਟ੍ਰੀ ਮੋਰਿੰਗਾ ਔਲਫੇਰਾ, ਅਲੱਗ-2 ਪ੍ਰਦੇਸ਼ਾਂ ਵਿੱਚ ਵੱਖ-2 ਨਾਂਵਾਂ ਨਾਲ ਜਾਣਿਆ ਜਾਂਦਾ ਹੈ ।

ਇਸ ਵਿੱਚ ਵਿਟਾਮਿਨ, ਪ੍ਰੋਟੀਨ, ਪੋਟਾਸ਼ੀਅਮ, ਆਇਰਨ, ਕੈਲਸ਼ੀਅਮ, ਵਿਟਾਮਿਨ ਸੀ, ਏ, ਬੀ ਕੰਪਲੈਕਸ ਹੁੰਦੇ ਹਨ । ਦੁਨੀਆਂ ਦਾ ਬਹੁਤ ਵਧੀਆ ਮਲਟੀ-ਵਿਟਾਮਿਨ ਭਾਵ ਤਾਕਤ ਦਾ ਖਜ਼ਾਨਾ ਹੈ । ਇਸ ਵਿੱਚ ਵਿਟਾਮਿਨ ਸੀ, ਸੰਤਰੇ ਤੋਂ 7 ਗੁਣਾਂ, ਵਿਟਾਮਿਨ ਏ ਗਾਜਰ ਤੋਂ 4 ਗੁਣਾਂ, ਕੈਲਸ਼ੀਅਮ ਦੁੱਧ ਤੋਂ 4 ਗੁਣਾਂ, ਪੋਟਾਸ਼ੀਅਮ ਕੇਲੇ ਤੋਂ 3 ਗੁਣਾਂ, ਪ੍ਰੋਟੀਨ ਦਹੀਂ ਤੋਂ 3 ਗੁਣਾਂ ਵੱਧ ਦੱਸਿਆ ਗਿਆ ਹੈ । ਇਸਦੇ ਬੀਜ ਚਬਾਉਣ ਵੇਲੇ ਕੌੜੇ ਅਤੇ ਬਾਅਦ ਵਿੱਚ ਮਿੱਠੇ ਲਗਦੇ ਹਨ । ਬਾਅਦ 'ਚ ਮੂੰਹ ਮਿੱਠਾ ਅਤੇ ਤਰੋਤਾਜ਼ਾ ਹੋ ਜਾਂਦਾ ਹੈ । ਇਹ ਵੀ ਇਸ ਦਾ ਬਹੁਤ ਵੱਡਾ ਗੁਣ ਹੈ । ਨਹੀਂ ਤਾਂ ਇਕੋ ਚੀਜ਼ ਵਿਚੋਂ ਮਿੱਠੇ ਅਤੇ ਕੌੜੇ ਦਾ ਸਵਾਦ ਕਿਥੋਂ ਮਿਲਦਾ ਹੈ । ਇਹ ਰੁੱਖ 10 ਤੋਂ 15 ਫੁੱਟ ਉੱਚਾ ਚਲਾ ਜਾਂਦਾ ਹੈ । ਪੱਤੇ ਬਰੀਕ ਮੇਥੀ ਵਰਗੇ ਅਤੇ ਇਕੋ ਟਾਹਣੀ ਤੇ ਲੜੀਵਾਰ ਕਈ ਪੱਤੇ ਲੱਗੇ ਹੁੰਦੇ ਹਨ । ਮਾਰਚ, ਅਪ੍ਰੈਲ ਵਿੱਚ ਇਹਨੂੰ ਫਲੀਆਂ ਲਗਦੀਆਂ ਹਨ । ਇਨ੍ਹਾਂ ਦਾ ਆਚਾਰ ਪੈਂਦਾ ਹੈ । ਮਾਰਚ ਅਤੇ ਅਪ੍ਰੈਲ ਦੇ ਅੱਧ ਵਿੱਚ ਇਹਨੂੰ ਫੁੱਲ ਲਗਦੇ ਹਨ । ਹਲਕੇ ਪੀਲੇ ਅਤੇ ਸਫੈਦ ਫੁੱਲ ਬਹੁਤ ਸੋਹਣੇ ਲਗਦੇ ਹਨ । ਫੁਲਾਂ ਦੀ ਖਾਧੀ ਚਟਣੀ ਚਿਹਰੇ ਨੂੰ ਗੇਰੂ ਵਰਗਾ ਸੁਰਖ ਲਾਲ ਕਰ ਦਿੰਦੀ ਹੈ । ਇਸ ਵਿੱਚ ਜੋ ਵਿਟਾਮਿਨ, ਪ੍ਰੋਟੀਨ, ਕੈਲਸ਼ੀਅਮ, ਫਾਈਬਰ ਆਦਿ ਤੱਤ ਹਨ ਉਹ ਸਰੀਰ ਲਈ ਲੋੜੀਂਦੇ ਹਨ । ਇਸ ਰੁੱਖ ਦਾ ਸੇਵਨ ਤੁਹਾਨੂੰ ਕਈ ਬਿਮਾਰੀਆਂ ਤੋਂ ਛੁਟਕਾਰਾ ਦਿਵਾ ਸਕਦਾ ਹੈ ਅਤੇ ਆਉਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਕਰ ਸਕਦਾ ਹੈ । ਇਨ੍ਹਾਂ ਬਿਮਾਰੀਆਂ ਤੋਂ ਨਿਜਾਤ ਪਾ ਕੇ ਤੁਸੀਂ ਤੰਦਰੁਸਤ, ਨਿਰੋਗ ਅਤੇ ਜਵਾਨ ਰਹਿ ਸਕਦੇ ਹੋ । ਤੁਹਾਡੀ ਚਮੜੀ ਤੰਦਰੁਸਤ ਅਤੇ ਚਮਕਦੀ ਰਹੇਗੀ । ਸ਼ਰਤ ਇਹ ਹੈ ਕਿ ਇਸ ਨੂੰ ਰੋਜ਼ਾਨਾ ਖੁਰਾਕ ਜਿਵੇਂ ਚਾਹ, ਸਬਜ਼ੀ, ਪਾਊਡਰ, ਆਚਾਰ ਆਦਿ ਦੇ ਰੂਪ ਵਿਚ ਸ਼ਾਮਿਲ ਕਰੋ । ਇਹ ਕੋਈ ਦਵਾਈ ਨਹੀਂ ਹੈ, ਇਹ ਇੱਕ ਰੋਜ਼ ਦੀ ਪੌਸ਼ਟਿਕ ਖੁਰਾਕ ਹੈ । ਕਈਂ ਲੋਕਾਂ ਨੇ ਇਸ ਨੂੰ ਦਵਾਈ ਸਮਝ ਲਿਆ ਹੈ ਅਤੇ ਦਿਨਾਂ ਵਿੱਚ ਹੀ ਜਵਾਨ ਤੇ ਤੰਦਰੁਸਤ ਹੋਣ ਦੇ ਭਰਮ-ਭੁਲੇਖੇ ਪਾਲ ਕੇ ਥੋੜਾ ਸਮਾਂ ਇਸ ਦੀ ਵਰਤੋਂ ਕਰਕੇ ਇਸ ਦਾ ਸੇਵਨ ਬੰਦ ਕਰ ਦਿੱਤਾ, ਜੋ ਬਹੁਤ ਵੱਡੀ ਭੁੱਲ ਹੈ । ਹਰ ਚੀਜ਼ ਨੂੰ ਸਮਝ, ਪਰਖ ਕੇ ਹੀ ਜੀਵਨ ਵਿੱਚ ਉਤਾਰੋ, ਤਦ ਹੀ ਕਿਸੇ ਸਿੱਟੇ ਤੱਕ ਪਹੁੰਚ ਸਕਦੇ ਹੋ । ਸਾਡੇ ਸਰੀਰ ਨੂੰ ਵਿਟਾਮਿਨਜ਼, ਮਿਨਰਲਜ਼, ਫਾਈਬਰ, ਪ੍ਰੋਟੀਨ, ਕੈਲਸ਼ੀਅਮ, ਪੋਟਾਸ਼ੀਅਮ ਭਰਪੂਰ ਪਾਣੀ ਆਦਿ ਦੀ ਜ਼ਰੂਰਤ ਹੁੰਦੀ ਹੈ । ਇੱਕ ਪੌਦੇ ਦਾ ਜੀਵਨ ਵੀ ਸਾਡੇ ਵਾਂਗ ਹੀ ਹੈ । ਉਸ ਨੂੰ ਵੀ ਹਵਾ, ਪਾਣੀ, ਵਾਤਾਵਰਨ, ਚੰਗੀਆਂ ਖਾਦਾਂ ਆਦਿ ਦੀ ਜ਼ਰੂਰਤ ਪੈਂਦੀ ਹੈ । ਜੇ ਹਰੀਆਂ ਸਬਜ਼ੀਆ, ਚੰਗੇ ਫਲ, ਮੱਖਣ ਮਲਾਈ, ਦੇਸੀ ਘਿਉ ਆਦਿ ਦਾ ਸਮਝਦਾਰੀ ਨਾਲ ਸੇਵਨ ਕੀਤਾ ਜਾਵੇ ਤਾਂ ਅਸੀਂ ਬਹੁਤ ਸਾਰੀਆਂ ਬਿਮਾਰੀਆਂ ਤੇ ਜਿੱਤ ਹਾਸਲ ਕਰ ਸਕਦੇ ਹਾਂ । ਚੰਗਾ ਖਾਣਾ ਅਤੇ ਸਰੀਰ ਦੀ ਸਾਂਭ-ਸੰਭਾਲ ਹੀ ਤੁਹਾਡੇ ਜੀਵਨ ਨੂੰ ਲੰਬਾ ਕਰ ਸਕਦੀ ਹੈ । ਬਿਨਾਂ ਸ਼ੱਕ ਇਸ ਦਾ ਤੋੜ 'ਸੁਹਾਜਣਾ' ਹੋ ਸਕਦਾ ਹੈ, ਜਿਸ ਦੀ ਵਰਤੋਂ ਨਾਲ ਤੁਸੀਂ ਬਹੁਤ ਸਾਰੀਆਂ ਬਿਮਾਰੀਆਂ ਤੋਂ ਨਿਜਾਤ ਪਾ ਸਕਦੇ ਹੋ । ਇਸ ਦਾ ਸੇਵਨ ਸਾਰੀ ਉਮਰ ਕਰਦੇ ਰਹੋ । ਜੇ ਕਿਤਿਓਂ ਨਹੀਂ ਮਿਲਦਾ ਤਾਂ ਥੋੜੇ ਪੈਸੇ ਖਰਚ ਕੇ ਇਸ ਦੀ ਪਹੁੰਚ ਤੁਹਾਡੇ ਤੱਕ ਹੋ ਸਕਦੀ ਹੈ ।

**ਸੁਹਾਜਣੇ ਵਿਚ ਮੌਜੂਦ ਤੱਤ :**
**ਵਿਟਾਮਿਨ ਏ** : ਇਹ ਵਿਟਾਮਿਨ ਅੱਖਾਂ ਦੀ ਰੌਸ਼ਨੀ ਵਧਾਉਂਦਾ ਹੈ । ਅੱਖਾਂ ਦੀਆਂ ਮਾਸਪੇਸ਼ੀਆਂ ਨੂੰ ਮਜ਼ਬੂਤ ਕਰਦਾ ਹੈ । ਹੱਡੀਆਂ, ਦੰਦਾਂ ਨੂੰ ਸਿਹਤਮੰਦ ਰੱਖਦਾ ਹੈ । ਚਮੜੀ ਨੂੰ ਜਵਾਨ ਅਤੇ ਚਮਕਦਾਰ ਰੱਖਦਾ ਹੈ ।

**ਵਿਟਾਮਿਨ ਸੀ** : ਦਿਮਾਗ ਨੂੰ ਸੰਦੇਸ਼ ਪਹੁੰਚਾਉਣ ਵਾਲੀਆਂ ਨਾੜਾਂ ਨੂੰ ਤਾਕਤ ਦਿੰਦਾ ਹੈ । ਹੱਡੀਆਂ ਨੂੰ ਜੋੜਨ ਵਾਲਾ ਕੋਲਾਜੇਨ ਪਦਾਰਥ ਪੈਦਾ ਕਰਦਾ ਹੈ । ਖੂਨ ਦਾ ਸੰਚਾਰ ਕਰਦਾ ਹੈ । ਲਿਗਾਮੈਂਟ ਕਾਰਟੀਲੇਜ਼ ਅਤੇ ਕੋਲੈਸਟੋਲ ਨੂੰ ਕਾਬੂ ਰੱਖਦਾ ਹੈ । ਸਰੀਰ ਦੇ ਵਿਸ਼ਾਣੂ ਤੱਤ ਬਾਹਰ ਕੱਢਦਾ ਹੈ । ਸਰਦੀ, ਜ਼ੁਕਾਮ, ਖਾਂਸੀ ਦਾ ਡਰ ਨਹੀਂ ਰਹਿੰਦਾ । ਕੈਂਸਰ ਤੱਕ ਵੀ, ਵਿਟਾਮਿਨ ਸੀ ਦੀ ਪੂਰਤੀ ਨਾਲ, ਨਹੀਂ ਹੁੰਦਾ ।



**ਵਿਟਾਮਿਨ ਈ** : ਕੈਂਸਰ, ਜਿਗਰ ਅਤੇ ਪਿੱਤੇ ਦੇ ਰੋਗ, ਪਾਚਣ ਤੰਤਰ ਨੂੰ ਮਜ਼ਬੂਤ ਕਰਦਾ ਹੈ, ਚਮੜੀ ਨਰਮ ਅਤੇ ਚਮਕਦਾਰ ਰਹਿੰਦੀ ਹੈ, ਔਰਤਾਂ ਦੇ ਬੱਚੇਦਾਨੀ ਦੇ ਰੋਗ ਅਤੇ ਹਾਰਮੋਨਜ਼ ਠੀਕ ਰਹਿੰਦੇ ਹਨ ।

**ਕੈਲਸ਼ੀਅਮ** : ਹੱਡੀਆਂ ਮਜ਼ਬੂਤ ਕਰਦਾ ਹੈ । ਹੱਡੀਆਂ ਉੱਤੇ ਹੀ ਆਪਣਾ ਸਾਰਾ ਸਰੀਰ ਖੜਾ ਹੈ । ਕੈਲਸ਼ੀਅਮ ਦੀ ਲੋੜ, ਬੱਚੇ, ਬੁੱਢੇ, ਮਰਦ, ਔਰਤ ਸਭ ਨੂੰ ਹੁੰਦੀ ਹੈ । ਔਰਤਾਂ ਵਿੱਚ ਮਾਹਵਾਰੀ ਆਉਣ ਜਾਂ ਬੱਚੇ ਦੇ ਜਨਮ ਵੇਲੇ ਕੈਲਸ਼ੀਅਮ ਸਭ ਤੋਂ ਵੱਧ ਨਸ਼ਟ ਹੁੰਦਾ ਹੈ । ਗਰਭ ਵੇਲੇ ਇਸੇ ਕਰਕੇ ਔਰਤਾਂ ਨੂੰ ਕੈਲਸ਼ੀਅਮ ਦੀਆਂ ਗੋਲੀਆਂ ਜ਼ਿਆਦਾ ਦਿੱਤੀਆਂ ਜਾਂਦੀਆਂ ਹਨ ।

**ਪੋਟਾਸ਼ੀਅਮ** : ਮਾਸਪੇਸ਼ੀਆਂ ਦਾ ਸੁੰਗੜਨਾ, ਦਿਲ ਦੀ ਧੜਕਣ ਘਟਣਾ, ਦਿਲ ਅਤੇ ਪੇਟ ਦੀ ਕ੍ਰਿਆ ਵਿਚ ਸੁਧਾਰ ਕਰਦਾ ਹੈ ।

**ਫਾਇਬਰ** : ਫਾਇਬਰ ਦੀ ਘਾਟ ਨਾਲ ਕਬਜ਼, ਸ਼ੂਗਰ ਅਤੇ ਭਾਰ ਵੱਧਦਾ ਹੈ, ਪੇਟ ਵਿੱਚੋਂ ਗੰਦਗੀ ਸੋਖਦਾ ਹੈ ਅਤੇ ਗੰਦਾ ਮਲ ਬਾਹਰ ਕੱਢਦਾ ਹੈ ।

**ਆਇਰਨ** : ਆਇਰਨ ਦੀ ਕਮੀਂ ਨਾਲ ਖ਼ੂਨ ਦੀ ਘਾਟ; ਸਰੀਰ ਲਈ ਮਹੱਤਵਪੂਰਨ ਖਣਿਜਾਂ ਵਿੱਚ ਆਇਰਨ ਵੀ ਜ਼ਰੂਰੀ ਹੈ ਜਿਸ ਦੀ ਮਦਦ ਨਾਲ ਹਿਮੋਗਲੋਬਿਨ ਅਤੇ ਆਕਸੀਜਨ ਆਪਣੇ ਸਰੀਰ ਨੂੰ ਮਿਲਦੀ ਹੈ ।

ਹੁਣ ਤੁਸੀਂ ਆਪ ਹੀ ਸਮਝਦਾਰ ਹੋ ਕਿ ਇਕੋ ਪੌਦੇ ਵਿੱਚ ਐਨੇ ਤੱਤ ਹੋਣ, ਉਹ ਸਰੀਰ ਦੀ ਕਾਇਆਕਲਪ ਕਿਉਂ ਨਹੀਂ ਕਰੇਗਾ । ਆਕਸੀਜਨ ਇਹ ਹੋਰਾਂ ਰੁੱਖਾਂ ਨਾਲੋਂ ਵੱਧ ਦਿੰਦਾ ਹੈ । ਕਾਰਬਨ ਡਾਇਆਕਸਾਈਡ ਨੂੰ ਜ਼ਿਆਦਾ ਸੋਖਦਾ ਹੈ । ਜਿੱਥੇ ਵੀ ਇਹ ਲੱਗਾ ਹੋਵੇਗਾ ਤਾਂ ਆਕਸੀਜਨ ਸਰੀਰ ਨੂੰ ਮੁਫਤ 'ਚ ਮਿਲੇਗੀ । ਇਸਨੂੰ ਰੋਜ਼ ਦੀ ਖੁਰਾਕ ਵਿੱਚ ਸ਼ਾਮਿਲ ਕਰੋ । ਦੱਖਣੀ ਭਾਰਤ ਦੇ ਲੋਕਾਂ ਦੇ ਘਰ-ਘਰ ਵਿੱਚ ਇਹ ਬੂਟਾ ਆਮ ਮਿਲ ਜਾਵੇਗਾ । ਉਹ ਇਹਨੂੰ ਸਾਰੀ ਉਮਰ ਖਾਂਦੇ ਰਹਿੰਦੇ ਹਨ । ਉਨ੍ਹਾਂ ਦੇ ਸਰੀਰ ਬਹੁਤ ਤਾਕਤਵਰ ਹੁੰਦੇ ਹਨ । ਦੁਨੀਆਂ 'ਚ ਇਸ ਨੂੰ ਸੁਪਰ ਫੂਡ ਜਾਂ ਮੈਜਿਕ ਫੂਡ ਦਾ ਦਰਜਾ ਪ੍ਰਾਪਤ ਹੋ ਚੁੱਕਾ ਹੈ । ਧਰਤੀ ਤੇ ਜਿੰਨੇ ਵੀ ਫੱਲ, ਸਬਜ਼ੀਆਂ ਉਗਦੀਆਂ ਹਨ । ਇਸ ਨੂੰ ਉਨ੍ਹਾਂ ਦਾ ਸਰਦਾਰ ਕਹਿ ਲਈਏ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ ।

ਇਸ ਰੁੱਖ ਦੇ ਪੱਤਿਆਂ, ਜੜ੍ਹਾਂ, ਛਿੱਲੜ, ਗੂੰਦ, ਬੀਜ, ਫਲੀ ਦੀ ਵਰਤੋਂ 300 ਤੋਂ ਵੱਧ ਬੀਮਾਰੀਆਂ ਨੂੰ ਠੀਕ ਕਰਨ ਵਾਲੀਆਂ ਦਵਾਈਆਂ ਵਿੱਚ ਕੀਤੀ ਜਾਂਦੀ ਹੈ । ਇਸ ਰੁੱਖ ਦੇ ਪੱਤੇ ਅਤੇ ਜੜ੍ਹਾਂ ਦੀ ਵਰਤੋਂ ਪ੍ਰੋਟੀਨ ਪਾਊਡਰ, ਕੁਦਰਤੀ ਭਾਵ ਨੈਚੂਰਲ ਸਪਲੀਮੈਂਟ ਬਣਾਉਣ ਵਿੱਚ ਵੀ ਵਰਤੇ ਜਾਂਦੇ ਹਨ । ਕਿਉਂਕਿ ਇਸ ਵਿੱਚ ਸਾਰੇ ਲੋੜੀਂਦੇ ਤੱਤ ਹੁੰਦੇ ਹਨ । ਇਸ ਰੁੱਖ ਵਿੱਚ ਸਲਫਰ, ਕਾਰਬਨ ਮੋਨੋਆਕਸਾਈਡ ਜਿਹੀਆਂ ਜ਼ਹਿਰੀਲੀਆਂ ਗੈਸਾਂ ਨੂੰ ਸੋਖਣ ਦੀ ਸਮਰੱਥਾ ਹੁੰਦੀ ਹੈ । ਇਸ ਦੀ ਵਰਤੋਂ ਨਾਲ ਬੁਢਾਪਾ ਦੂਰ ਰਹਿੰਦਾ ਹੈ । ਚਮੜੀ ਸੁੰਦਰ ਅਤੇ ਚਮਕਦਾਰ, ਝੁਰੜੀਆਂ ਰਹਿਤ ਰਹਿੰਦੀ ਹੈ । ਇਸ ਦੇ ਪੱਤੇ ਸਬਜ਼ੀ ਵਿੱਚ ਰੋਜ਼ ਵਰਤੋਂ ਕਰਨ ਨਾਲ ਸਰੀਰ ਰੋਗ ਰਹਿਤ, ਖ਼ੂਨ ਦੀ ਕਮੀਂ, ਕੋਲੈਸਟੋਲ, ਯੂਰਿਕ ਐਸਿਡ ਕਾਬੂ ਰਹਿੰਦਾ ਹੈ । ਇਹ ਰੁੱਖ ਪਿੱਪਲ ਅਤੇ ਨਿੰਮ ਤੋਂ ਬਾਅਦ ਸਭ ਤੋਂ ਵੱਧ 4 ਕਿਲੋ ਕਾਰਬਨ ਡਾਇਆਕਸਾਈਡ ਨੂੰ ਸੋਖਣ ਦੀ ਸਮਰੱਥਾ ਰੱਖਦਾ ਹੈ । 5 ਸਾਲ ਦਾ ਰੁੱਖ 4 ਬੰਦਿਆਂ ਨੂੰ ਭਰਪੂਰ ਮਾਤਰਾ ਵਿੱਚ ਆਕਸੀਜਨ ਦੇ ਸਕਦਾ ਹੈ । ਇਸ ਦੇ ਬੀਜਾਂ ਦਾ ਤੇਲ ਜੈਤੂਨ ਦੇ ਤੇਲ ਤੋਂ ਵੱਧ ਫਾਇਦੇਮੰਦ ਹੈ । ਇਸ ਦੀ ਬੀਜਾਂ ਤੋਂ ਜਦੋਂ ਤੇਲ ਕੱਢ ਲਿਆ ਜਾਂਦਾ ਹੈ ਤਾਂ ਉਨ੍ਹਾਂ ਦਾ ਬਚਿਆ ਫੋਕਟ ਪਾਣੀ ਵਿੱਚ ਪਾ ਦਿਉ, ਪਾਣੀ ਬਿਲਕੁਲ ਸ਼ੁੱਧ ਹੋ ਜਾਂਦਾ ਹੈ । ਜੇਕਰ ਆਪਾਂ ਇਨਾਂ ਦੇ ਬੀਜਾਂ ਨੂੰ 1 ਚਮਚ ਪੀਸ ਕੇ ਇਕ ਘੜੇ ਪਾਣੀ ਵਿੱਚ ਪਾ ਦਈਏ ਤਾਂ ਇਹ ਚੰਗੇ ਆਰ ਓ ਸਿਸਟਮ ਦਾ ਕੰਮ ਕਰਦਾ ਹੈ, ਪਾਣੀ ਸ਼ੁੱਧ ਅਤੇ ਪੀਣ ਨੂੰ ਮਿੱਠਾ ਲੱਗਦਾ ਹੈ । ਤਾਂਹੀਉਂ ਸਾਊਥ ਇੰਡੀਆ 'ਚ ਇਹਨੂੰ ਸੰਜੀਵਨੀ ਬੂਟਾ ਕਿਹਾ ਜਾਂਦਾ ਹੈ । ਇਸ ਦੇ ਫੁੱਲਾਂ ਦੀ ਬੱਚੇ ਨੂੰ ਚਟਣੀ ਬਣਾ ਕੇ ਦਿਉ, ਸਾਰੀ ਉਮਰ ਚੇਚਕ ਨਹੀਂ ਹੋਵੇਗੀ । ਫੁੱਲਾਂ ਦਾ ਪਾਊਡਰ ਬਣਾ ਕੇ ਇਕ ਮਹੀਨਾ ਲਉ। ਚਿਹਰਾ ਲਾਲ ਸੁਰਖ ਹੋ ਜਾਵੇਗਾ । ਇਸ ਦੇ ਲਗਾਤਾਰ ਸੇਵਨ ਨਾਲ ਸਰੀਰ ਚੁਸਤ ਹੋ ਜਾਂਦਾ ਹੈ ਅਤੇ ਜਲਦੀ ਕਿਤੇ ਕੋਈ ਬਿਮਾਰੀ ਵੀ ਨੇੜੇ ਨਹੀਂ ਆਉਂਦੀ । ਕਈਆਂ ਨੂੰ ਭਰਮ ਹੈ ਕਿ ਇਹ ਖਰਾਬ ਕਰਦਾ ਹੈ । ਇਸ ਲਈ ਪਹਿਲਾਂ ਪੇਟ ਦਾ ਸਿਸਟਮ ਠੀਕ ਕੀਤਾ ਜਾਵੇ, ਫਿਰ ਹੀ ਇਸ ਦੀ ਵਰਤੋਂ ਕੀਤੀ ਜਾਂਦੀ ਹੈ ।



**ਫਾਇਦੇ** :

★ ਕੈਂਸਰ ਲਈ ਫਾਇਦੇਮੰਦ ਹੈ, ਖਾਸ ਕਰਕੇ ਉਨ੍ਹਾਂ ਲਈ ਜੋ ਕੀਮੋਥਰੈਪੀ ਵਿਚੋਂ ਲੰਘ ਰਹੇ ਹਨ ।

★ ਜ਼ਖਮ ਜਲਦੀ ਭਰਦੇ ਹਨ, ਚਮੜੀ ਤੇ ਦਾਗ ਧੱਬੇ ਨਹੀਂ ਪੈਂਦੇ, ਛੇਤੀ ਝੁਰੜੀਆਂ ਨਹੀਂ ਪੈਂਦੀਆਂ ।

★ ਬਦਹਜ਼ਮੀ, ਅੱਧਾ ਸਿਰ ਦੁਖਣਾ, ਨੀਂਦ ਨਾ ਆਉਣਾ ਆਦਿ ਰੋਗਾਂ ਤੋਂ ਬਚੇ ਰਹਿੰਦੇ ਹਾਂ ।

★ ਜੇ ਬੱਚਾ ਜ਼ਿਆਦਾ ਸੁਸਤ ਹੋਵੇ, ਪੜ੍ਹਨ ਵੇਲੇ ਸੌਣ ਲੱਗਦਾ ਹੈ, ਪੜ੍ਹਨ ਵਿੱਚ ਇਕਾਗਰਤਾ ਦੀ ਘਾਟ ਹੋਵੇ ਤਾਂ ਲਗਾਤਾਰ ਬੱਚੇ ਨੂੰ ਦੇਵੋ, ਬੱਚਾ ਤੰਦਰੁਸਤ ਹੋ ਜਾਵੇਗਾ ।

★ ਲਿਵਰ ਫੈਟੀ ਹੋਣ ਤੋਂ ਬਚਾਉਂਦਾ ਹੈ ।

★ ਇਸ ਦੀ ਫਲੀਆਂ ਦਾ ਸੂਪ ਭੁੱਖ ਵਧਾਉਂਦਾ ਹੈ ।

★ ਬੇਔਲਾਦ ਔਰਤ ਨੂੰ ਜੇ ਗਰਭ-ਧਾਰਨ ਵਿੱਚ ਮੁਸ਼ਕਿਲ ਆ ਰਹੀ ਹੋਵੇ ਤਾਂ ਕੱਦੂ ਦੇ ਫੁੱਲ, ਸੁਹਾਜਣੇ ਦੇ ਫੁੱਲ, ਲੌਕੀ ਦੇ ਫੁੱਲ, ਸੌਂਫ ਦੇ ਫੁੱਲ 5-5 ਲੈ ਕੇ ਛਾਂ ਵਿੱਚ ਸੁਕਾ ਕੇ ਪਾਊਡਰ ਬਣਾ ਕੇ ਰੱਖ ਲਵੋ । ਇਕ ਗਿਲਾਸ ਗਰਮ ਪਾਣੀ ਵਿੱਚ ਕੁੱਝ ਦੇਰ ਭਿਉਂ ਕੇ ਰੱਖ ਦਿਉ । ਜਦੋਂ ਚੰਗੀ ਤਰ੍ਹਾਂ ਘੁਲ ਜਾਵੇ ਤਾਂ ਛਾਣ ਕੇ ਪੀ ਲਵੋ । ਸਵੇਰੇ ਸ਼ਾਮ ਇਸ ਦਾ ਸੇਵਨ ਕਰੋ । ਬੱਚੇਦਾਨੀ ਦੀ ਸੋਜ਼ ਹਟੇਗੀ ਅਤੇ ਬੱਚੇਦਾਨੀ ਨੂੰ ਤਾਕਤ ਮਿਲੇਗੀ ।

★ ਜਦੋਂ ਇਸਦੇ ਫੁੱਲਾਂ ਦਾ ਮੌਸਮ ਹੁੰਦਾ ਹੈ, ਉਦੋਂ ਫੁੱਲ ਸਾਂਭ ਕੇ ਰੱਖ ਲਵੋ । ਪਸ਼ੂਆਂ ਨੂੰ ਇਸ ਦਾ ਚਾਰਾ ਬਣਾ ਕੇ ਪਾਉਣਾ ਸ਼ੁਰੂ ਕਰੋ । ਦੁੱਧ ਦੀ ਪੌਸ਼ਟਿਕ ਹੋਵੇਗਾ ਤੇ ਪਸ਼ੂ ਵੀ ਬਿਮਾਰੀਆਂ ਤੋਂ ਬਚਿਆ ਰਹੇਗਾ ।

**ਜੜ੍ਹਾਂ ਜੋ ਮੂਲੀਆਂ ਵਾਂਗ ਹੁੰਦੀਆਂ ਹਨ** : ਪੌਦਾ ਪੁੱਟ ਕੇ ਜੜ੍ਹਾਂ ਧੋ ਕੇ ਸਾਫ ਕਰ ਲਵੋ । ਮੂਲੀਆਂ ਵਾਂਗ ਛਿੱਲ ਲਵੋ । ਛੋਟੇ-ਛੋਟੇ ਲੰਬੇ-ਲੰਬੇ ਪੀਸ ਬਣਾ ਕੇ, ਲੋੜ ਮੁਤਾਬਕ ਸਰੋਂ ਦੇ ਤੇਲ 'ਚ ਗਰਮ ਕਰੋ । ਫੇਰ ਇਨ੍ਹਾਂ ਨੂੰ ਸੁਨਹਿਰੀ ਰੰਗ ਦਾ ਹੋਣ ਤੱਕ ਭੁੰਨੋ । ਸਵਾਦ ਅਨੁਸਾਰ ਨਮਕ, ਮਿਰਚ ਲਾਲ, ਹਲਦੀ ਪਾ ਕੇ ਰੱਖ ਲਵੋ । 5-6 ਦਿਨ ਮਗਰੋਂ ਆਚਾਰ ਤਿਆਰ ਹੋ ਜਾਵੇਗਾ । ਸਿਹਤਮੰਦ ਆਚਾਰ ਖਾਣ 'ਚ ਵੀ ਸੁਆਦ ਹੁੰਦਾ ਹੈ ।

**ਸੁਹਾਜਣੇ ਦੀਆਂ ਫਲੀਆਂ ਦਾ ਆਚਾਰ** : ਸੁਹਾਜਣੇ ਦੀਆਂ ਨਰਮ-ਨਰਮ ਫਲੀਆਂ 200 ਗ੍ਰਾਮ, 70 ਗ੍ਰਾਮ ਸਰੋਂ ਦਾ ਤੇਲ ਇਕ ਚਮਚ ਕਲੌਂਜੀ, ਅੱਧਾ ਚਮਚ ਸਾਬਤ ਧਨੀਆ, 1 ਚਮਚ ਲਾਲ ਮਿਰਚ, 1 ਚਮਚ ਰਾਈ, ਇਕ ਚਮਚ ਸੌਂਫ, 1 ਚਮਚ ਨਮਕ, 1 ਚਮਚ ਜੀਰਾ, ਅੱਧਾ ਚਮਚ ਅਜਵਾਇਨ, ਅੱਧਾ ਚਮਚ ਹਿੰਗ, ਅੱਧਾ ਚਮਚ ਹਲਦੀ, ਅੱਧਾ ਚਮਚ ਅਮਚੂਰ, 1 ਚਮਚ ਸਿਰਕਾ । ਪਹਿਲਾਂ ਗੈਸ ਤੇ ਭਾਂਡਾ ਰੱਖੋ । ਉਸ ਵਿੱਚ ਧਨੀਆ, ਜੀਰਾ, ਸੌਂਫ, ਅਜਵਾਇਨ ਹਲਕੀ-ਹਲਕੀ ਅੱਗ ਤੇ ਫਰਾਈ ਕਰੋ । ਹਲਕਾ ਹੀ ਭੁੰਨਣਾ ਹੈ, ਜਲੇ ਨਾ । ਥੋੜ੍ਹੇ ਜਿਹੇ ਸਰ੍ਹੋਂ ਦੇ ਤੇਲ 'ਚ, ਕਲੌਂਜੀ, ਹਲਦੀ ਪਾਊਡਰ, ਨਮਕ, ਹਿੰਗ, ਅਮਚੂਰ ਲਾਲ ਮਿਰਚ ਭੁੰਨ ਲਵੋ । ਜੋ ਮਸਾਲੇ ਫਰਾਈ ਕੀਤੇ ਸਨ, ਉਨ੍ਹਾਂ ਨੂੰ ਮੋਟਾ-ਮੋਟਾ ਪੀਸ ਲਵੋ । ਇਹ ਸਭ ਕਰਨ ਤੋਂ ਪਹਿਲਾਂ ਇਸ ਦੀਆਂ ਫਲੀਆਂ ਦੀ ਤਿਆਰੀ ਕਰ ਲਵੋ । ਫਲੀਆਂ 2-3 ਇੰਚ ਕੱਟ ਕੇ ਥੋੜੇ ਜਿਹੇ ਗਰਮ ਪਾਣੀ 'ਚ ਪਾ ਕੇ 1-2 ਮਿੰਟ ਲਈ ਰੱਖ ਛੱਡੋ । ਜ਼ਿਆਦਾ ਦੇਰ ਨਹੀਂ ਰੱਖਣੀਆਂ । ਫਲੀਆਂ ਧੁੱਪ 'ਚ ਰਖਕੇ ਉਨ੍ਹਾਂ ਦਾ ਪਾਣੀ ਸੁਕਾ ਲਵੋ । ਫਲੀਆਂ ਸੁੱਕਣ ਤੋਂ ਬਾਅਦ ਸਾਰੇ ਮਸਾਲੇ ਅਤੇ ਸਰੋਂ ਦਾ ਤੇਲ ਮਿਲਾ ਦਿਉ । ਇਸ ਤੋਂ ਬਾਅਦ ਸਿਰਕਾ ਪਾ ਕੇ ਮਿਲਾਓ । ਕੱਚ ਦੇ ਭਾਂਡੇ 'ਚ ਪਾ ਕੇ 5-6 ਦਿਨ ਧੁੱਪ 'ਚ ਰੱਖਦੇ ਰਹੋ, ਆਚਾਰ ਤਿਆਰ ਹੋ ਜਾਵੇਗਾ । ਖਾਂਦੇ ਰਹੋ ਅਤੇ ਸਿਹਤ ਵੀ ਕਾਇਮ ਰਹੇਗੀ ।

5-10 ਸਾਲ ਪੁਰਾਣੀ ਬਿਮਾਰੀ ਨੂੰ ਠੀਕ ਹੋਣ ਵਿੱਚ ਸਮਾਂ ਤਾਂ ਲੱਗਦਾ ਹੀ ਹੈ । ਸੋ ਇਸ ਨੂੰ ਮਾਰਚ ਵਿਚ ਲਗਾ ਕੇ ਪੁੱਤਾਂ ਵਾਂਗ ਪਾਲੋ, ਇਹ ਸਾਰੀ ਉਮਰ ਤੁਹਾਡੇ ਸਰੀਰ ਦੀ ਸਾਂਭ ਕਰੇਗਾ ਕਿਉਂਕਿ ਇਹ ਇਕ ਕੁਦਰਤੀ ਮਲਟੀ ਵਿਟਾਮਿਨ ਹੈ । ਜਿੱਥੇ ਇਹ ਲਗਾ ਹੋਵੇਗਾ, ਉੱਥੇ ਮੋਬਾਈਲ ਦੀਆਂ ਤੇਜ਼ ਕਿਰਨਾਂ ਦਾ ਮਾੜਾ ਅਸਰ ਨਹੀਂ ਹੋਵੇਗਾ ਅਤੇ ਭਰਪੂਰ ਆਕਸੀਜਨ ਤੁਹਾਡੇ ਤੱਕ ਪਹੁੰਚਦੀ ਰਹੇਗੀ ।

ਨਵਪ੍ਰੇਮ ਸਿੰਘ, ਪਰਮਪਾਲ ਸਿੰਘ ਗਿੱਲ ਅਤੇ ਮਨਦੀਪ ਸਿੰਘ,
ਫਲ ਵਿਗਿਆਨ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ।

# ਨਾਖਾਂ ਦੇ ਬੂਟਿਆਂ ਦੀ ਸੁਧਾਈ ਅਤੇ ਕਾਂਟ-ਛਾਂਟ



**ਨਾਸ਼ਪਤੀ ਦਾ ਫਲ ਪੈਦਾਵਾਰ ਅਤੇ ਰਕਬੇ ਅਨੁਸਾਰ ਪੰਜਾਬ ਦਾ ਚੌਥਾ ਮੁੱਖ ਫਲ ਹੈ ਅਤੇ ਇਸ ਦੀ ਕਾਸ਼ਤ 3336 ਹੈਕਟੇਅਰ ਵਿਚ ਕੀਤੀ ਜਾਂਦੀ ਹੈ । ਨਾਸ਼ਪਤੀ ਦੇ ਬੂਟੇ ਖੇਤ ਵਿਚ ਲਗਾਉਣ ਤੋਂ ਲੰਮਾ ਸਮਾਂ ਫਲ ਦਿੰਦੇ ਰਹਿੰਦੇ ਹਨ । ਨਾਸ਼ਪਾਤੀ ਦੀ ਕਾਸ਼ਤ ਵੈਸੇ ਤਾਂ ਪੂਰੇ ਪੰਜਾਬ ਵਿਚ ਕੀਤੀ ਜਾ ਸਕਦੀ ਹੈ ਪਰ ਇਸ ਫਲ ਦਾ ਜ਼ਿਆਦਾ ਰਕਬਾ ਤਰਨ ਤਾਰਨ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਵਿੱਚ ਹੈ । ਇਨ੍ਹਾਂ ਬੂਟਿਆਂ ਤੋਂ ਨਿਰੰਤਰ ਚੰਗਾ ਝਾੜ ਅਤੇ ਮਿਆਰੀ ਫਲ ਲੈਣ ਲਈ ਬੂਟਿਆਂ ਦੀ ਸ਼ੁਰੂ ਤੋਂ ਹੀ ਚੰਗੀ ਸਿਧਾਈ, ਖੁਰਾਕੀ ਪ੍ਰਬੰਧ, ਅੰਤਰ ਫਸਲਾਂ ਦੀ ਕਾਸ਼ਤ ਅਤੇ ਸਿੰਚਾਈ ਆਦਿ ਦਾ ਖਾਸ ਤੌਰ 'ਤੇ ਧਿਆਨ ਰੱਖਣਾ ਚਾਹੀਦਾ ਹੈ । ਸ਼ੁਰੂ ਵਿਚ ਕੀਤੀ ਹੋਈ ਕੋਈ ਵੀ ਗਲਤੀ ਨਾਲ ਬਾਗ ਦੀ ਪੈਦਾਵਾਰ ਅਤੇ ਆਮਦਨ ਪ੍ਰਭਾਵਿਤ ਹੁੰਦੀ ਹੈ । ਨਾਸ਼ਪਾਤੀ ਦੇ ਬੂਟਿਆਂ ਦੀ ਕਾਂਟ-ਛਾਂਟ ਹੇਠ ਦਰਸਾਏ ਤਰੀਕੇ ਅਨੁਸਾਰ ਕਰਨੀ ਚਾਹੀਦੀ ਹੈ ।**

**ਸਿਧਾਈ ਤੇ ਕਾਂਟ-ਛਾਂਟ** : ਸਖਤ ਨਾਸ਼ਪਾਤੀ ਦੀਆਂ ਕਿਸਮਾਂ ਦੇ ਬੂਟੇ ਜਿਵੇਂ ਕਿ ਪੱਥਰਨਾਖ ਅਤੇ ਪੰਜਾਬ ਨਾਖ ਨੂੰ ਜਨਵਰੀ ਦੇ ਮਹੀਨੇ ਹੀ ਖੇਤ ਵਿਚ ਲਗਾ ਦੇਣਾ ਚਾਹੀਦਾ ਹੈ ਜਦ ਕਿ ਅਰਧ-ਨਰਮ ਨਾਖਾਂ ਦੇ ਬੂਟੇ ਜਨਵਰੀ ਤੋਂ ਫਰਵਰੀ ਦੇ ਪਹਿਲੇ ਪੰਦਰਵਾੜੇ ਤੱਕ ਲਗਾਏ ਜਾ ਸਕਦੇ ਹਨ । ਬੂਟਿਆਂ ਦੀ ਸਿਧਾਈ ਬੂਟੇ ਨੂੰ ਖੇਤ ਵਿਚ ਲਗਾਉਣ ਉਪਰੰਤ ਹੀ ਸ਼ੁਰੂ ਹੋ ਜਾਂਦੀ ਹੈ । ਸਿਧਾਈ ਨਾਲ ਬੂਟੇ ਦੇ ਵਾਧੇ ਨੂੰ ਨਿਯੰਤਰਨ ਕਰ ਕੇ ਮਜ਼ਬੂਤ ਢਾਂਚਾ ਬਣਾਉਣ ਵਿਚ ਮੱਦਦ ਮਿਲਦੀ ਹੈ । ਇਸ ਤਰ੍ਹਾਂ ਬੂਟਿਆਂ ਅੰਦਰ ਯੋਗ ਰੌਸ਼ਨੀ ਪਹੁੰਚਦੀ ਹੈ ਅਤੇ ਛੱਤਰੀ ਦਾ ਫੈਲਾਅ ਵੀ ਸਹੀ ਆਕਾਰ ਵਿਚ ਰਹਿੰਦਾ ਹੈ । ਇਸ ਤਰ੍ਹਾਂ ਬੂਟਿਆਂ ਉੱਪਰ ਕੀਟਨਾਸ਼ਕ ਅਤੇ ਉੱਲੀਨਾਸ਼ਕ ਦਵਾਈਆਂ ਦਾ ਛਿੜਕਾਅ ਕਰਨ ਅਤੇ ਫਲਾਂ ਦੀ ਤੁੜਾਈ ਵਿਚ ਅਸਾਨੀ ਰਹਿੰਦੀ ਹੈ । ਆਮ ਤੌਰ 'ਤੇ ਪੱਤਝੜੀ ਫਲਦਾਰ ਬੂਟਿਆਂ ਨੂੰ ਸਦਾ ਬਹਾਰ ਬੂਟਿਆਂ ਦੇ ਮੁਕਾਬਲੇ ਜ਼ਿਆਦਾ ਸਿੱਧਾਈ ਕਾਂਟ-ਛਾਂਟ ਦੀ ਜ਼ਰੂਰਤ ਰਹਿੰਦੀ ਹੈ । ਬੂਟਿਆਂ ਦੀਆਂ ਅੱਖਾਂ ਅਨੁਸਾਰ ਇਨ੍ਹਾਂ ਨੂੰ ਜ਼ਮੀਨ ਵਿਚ ਲਗਾਉਣ ਤੋਂ ਬਾਅਦ 75 ਸੈਂਟੀਮੀਟਰ ਤੋਂ ਲੈ ਕੇ 90 ਸੈਂਟੀਮੀਟਰ ਕੱਟ ਦੇਣਾ ਚਾਹੀਦਾ ਹੈ । ਨਵੇਂ ਲਗਾਏ ਫਲਦਾਰ ਬੂਟਿਆਂ ਦੇ ਗੁੱਲੇ, ਝੁੱਕੀਆਂ ਹੋਈਆਂ ਟਾਹਣੀਆਂ ਅਤੇ ਪਿਉਂਦ ਦੇ ਥੱਲਿਉ ਫੁਟਾਰਾ ਤੱਕ ਹੀ ਸਿਧਾਈ ਦੀ ਲੋੜ ਹੁੰਦੀ ਹੈ । ਬਾਗਬਾਨ ਅਕਸਰ ਦੋ ਸਾਲ ਦੇ ਬੂਟੇ ਖੇਤ ਵਿਚ ਲਗਾਉਂਦੇ ਹਨ ਅਤੇ ਜੇਕਰ ਬੂਟਿਆਂ ਦੀ ਚੰਗੀ ਤਰ੍ਹਾਂ ਸਿਧਾਈ ਨਾ ਕੀਤੀ ਹੋਵੇ ਤਾਂ ਅਜਿਹੇ ਬੂਟੇ ਉਪਰਲੀਆਂ ਅੱਖਾਂ ਤੋਂ ਫੁਟਦੇ ਹਨ । ਅਜਿਹੇ ਬੂਟਿਆਂ ਨੂੰ ਫਲ ਵੀ ਦੇਰੀ ਨਾਲ ਆਉਂਦਾ ਹੈ ਅਤੇ ਬੂਟੇ ਦਾ ਲੰਬੂਤਰਾ ਆਕਾਰ ਬਣ ਜਾਂਦਾ ਹੈ । ਇਸ ਲਈ ਇਹ ਜ਼ਰੂਰੀ ਹੈ ਕਿ ਬੂਟੇ ਖੇਤ ਵਿਚ ਲਗਾਉਂਦੇ ਸਮੇਂ ਜ਼ਮੀਨ ਦੇ ਪੱਧਰ ਤੋਂ 45 ਸੈਂਟੀਮੀਟਰ ਦੀ ਉਚਾਈ ਤੱਕ ਕੋਈ ਸ਼ਾਖਾ ਨਾ ਰਹਿਣ ਦਿਉ । ਦੂਜੇ ਸਾਲ ਸਿੱਥਲ ਅਵਸਥਾ (ਦਸੰਬਰ-ਜਨਵਰੀ ਮਹੀਨਾ) ਦੌਰਾਨ ਵਿਚਕਾਰਲੀ ਸਭ ਤੋਂ ਲੰਮੀ ਟਹਿਣੀ ਨੂੰ ਉਸਦੇ ਉਪਰਲੇ ਕੱਚੇ ਭਾਗ ਦੇ ਸ਼ੁਰੂ ਤੋਂ ਕੱਟ ਦੇਵੋ । ਇਸ ਤੋਂ ਇਲਾਵਾ, ਕਮਜ਼ੋਰ ਅਤੇ ਇਕ ਦੂਜੇ ਨੂੰ ਕੱਟਦੀਆਂ ਸ਼ਾਖਾਵਾਂ ਮੁੱਢੋਂ ਕੱਟ ਦੇਣੀ ਜ਼ਰੂਰੀ ਹਨ । ਜੇਕਰ ਚੁਣੀਆਂ ਹੋਈਆਂ ਟਾਹਣੀਆਂ ਨੂੰ ਸੇਬੇ ਨਾਲ ਬੰਨ੍ਹ ਕੇ ਜ਼ਮੀਨ 'ਤੇ ਬੰਨ੍ਹ ਦਿੱਤਾ ਜਾਵੇ ਤਾਂ ਇਨ੍ਹਾਂ ਟਾਹਣੀਆਂ ਤੋਂ ਵਧੇਰੇ ਸ਼ਾਖਾਵਾਂ ਨਿਕਲਣ ਵਿੱਚ ਮਦਦ ਮਿਲਦੀ ਹੈ । ਤੀਜੇ ਸਾਲ ਦੀ ਸਿੱਧਾਈ ਦੌਰਾਨ ਦੂਜੇ ਸਾਲ ਦੀ ਕਟਾਈ ਸਮੇਂ ਰੱਖੀਆਂ ਟਾਹਣੀਆਂ ਨੂੰ ਨਵੀਆਂ ਸ਼ਾਖਾਵਾਂ ਫੁੱਟਣ ਲਈ ਛੱਡ ਦੇਣਾ ਚਾਹੀਦਾ ਹੈ । ਚੌਥੇ ਅਤੇ ਪੰਜਵੇਂ ਸਾਲ ਦੌਰਾਨ, ਅੱਗੇ ਤੋਂ ਅੱਗੇ ਵੱਧਣ ਵਾਲੀਆਂ ਸ਼ਾਖਾਵਾਂ ਨੂੰ ਕੱਟ ਦੇਣਾ ਚਾਹੀਦਾ ਹੈ । ਇਸ ਤੋਂ ਇਲਾਵਾ ਵਿਚਕਾਰਲੀ ਛੱਡੀ ਹੋਈ ਟਾਹਣੀ ਨੂੰ ਕੱਟ ਦਿਉ ਤਾਂ ਕਿ ਬੂਟੇ ਦਾ ਫੈਲਾਅ ਬਾਹਰ ਵੱਲ ਹੋ ਸਕੇ ਅਤੇ ਬੂਟਾ ਚੰਗੀ ਛੱਤਰੀ ਬਣਾ ਸਕੇ । ਕਾਂਟ-ਛਾਂਟ ਦੌਰਾਨ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਸ਼ਾਖਾਵਾਂ ਤੇ ਬਾਹਰ ਵੱਲ ਨੂੰ ਅੱਖ ਦੇ ਉੱਪਰੋਂ ਹੀ ਕੱਟੋ । ਇਸ ਤਰ੍ਹਾਂ ਕਰਨ ਨਾਲ ਬੂਟੇ ਦਾ ਫੈਲਾਅ ਅਤੇ ਛੱਤਰੀ ਵਿਚ ਵਾਧਾ ਬਾਹਰ ਵੱਲ ਹੁੰਦਾ ਹੈ । ਨਾਸ਼ਪਾਤੀ ਦੇ ਪੁਰਾਣੇ ਅਤੇ ਫਲ ਦਿੰਦੇ ਬੂਟਿਆਂ ਦੀ ਕਾਂਟ-ਛਾਂਟ ਦੌਰਾਨ ਸੁੱਕੀਆਂ ਅਤੇ ਬਿਮਾਰ ਸ਼ਾਖਾਵਾਂ ਨੂੰ ਕੱਟ ਕੇ ਵਿਰਲਾ ਕਰਨਾ ਚਾਹੀਦਾ ਹੈ ਤਾਂ ਜੋ ਨਵੀਆਂ ਸ਼ਾਖਾਵਾਂ ਦੁਬਾਰਾ ਫੁੱਟ ਸਕਣ । ਇਸ ਤੋਂ ਇਲਾਵਾ ਬੂਟਿਆਂ ਉੱਤੇ ਫੁੱਟਣ ਵਾਲੇ ਗੁੱਲੇ ਜਾਂ ਲਗਰਾਂ ਨੂੰ ਮੁੱਢ ਤੋਂ ਕੱਟਦੇ ਰਹੋ । ਪੰਜਾਬ ਵਿਚ ਨਾਸ਼ਪਾਤੀ ਦੇ ਕੁਝ ਬਾਗ ਬਟਾਂਕਾਂ (ਜੜਵੇ) ਜੜ੍ਹ-ਮੁੱਢ 'ਤੇ ਲੱਗੇ ਹਨ, ਜਿਸ ਤੋਂ ਹਰ ਸਾਲ ਜੜ੍ਹਾਂ ਵਿਚੋਂ ਨਵੀਆਂ ਬਟਾਂਕਾਂ ਨਿਕਲਦੀਆਂ ਰਹਿੰਦੀਆਂ ਹਨ । ਇਨ੍ਹਾਂ ਬਟਾਂਕਾਂ ਨੂੰ ਦਸੰਬਰ ਦੇ ਮਹੀਨੇ ਵਿਚ ਜ਼ਮੀਨ ਦੇ ਲਾਗਿਉਂ ਕੱਟ ਦੇਣਾ ਚਾਹੀਦਾ ਹੈ ।



**ਪੁਰਾਣੇ ਬੂਟਿਆਂ ਨੂੰ ਮੁੜ-ਸੁਰਜੀਤ ਕਰਨ ਦਾ ਢੰਗ** : ਨਾਸ਼ਪਾਤੀ ਦਾ ਬੂਟਾ ਬਹੁਤ ਲੰਮਾਂ ਸਮਾਂ ਫਲ ਦਿੰਦਾ ਹੈ ਅਤੇ ਰਾਜ ਵਿਚ ਬਹੁਤ ਸਾਰੇ ਬਾਗ ਅਜਿਹੇ ਹਨ, ਜਿਨ੍ਹਾਂ ਦੀ ਉਮਰ 30 ਸਾਲ ਤੋਂ ਵੀ ਵਧੇਰੇ ਹੈ । ਇਹ ਵੇਖਣ ਵਿਚ ਆਉਂਦਾ ਹੈ ਕਿ ਨਾਸ਼ਪਾਤੀ ਦੇ ਬੂਟੇ ਅਤੇ ਫਲਾਂ ਦਾ ਆਕਾਰ 20 ਤੋਂ 25 ਸਾਲ ਦੀ ਉਮਰ ਤੋਂ ਘੱਟਣਾ ਸ਼ੁਰੂ ਹੋ ਜਾਂਦਾ ਹੈ, ਜਿਸ ਨਾਲ ਬਾਗਬਾਨਾਂ ਨੂੰ ਆਰਥਿਕ ਨੁਕਸਾਨ ਹੁੰਦਾ ਹੈ । ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋ ਪੁਰਾਣੇ ਘੱਟ ਪੈਦਾਵਾਰ ਦੇਣ ਵਾਲੇ ਨਾਸ਼ਪਾਤੀ ਦੇ ਬੂਟਿਆਂ ਨੂੰ ਮੁੜ-ਸੁਰਜੀਤ ਕਰਨ ਦੀ ਵਿਧੀ ਵਿਕਸਿਤ ਕੀਤੀ ਗਈ ਹੈ । ਇਸ ਤਕਨੀਕ ਰਾਹੀਂ ਪੁਰਾਣੇ ਬੂਟੇ ਦੀ ਪ੍ਰਮੁੱਖ ਟਾਹਣੀਆਂ, ਜੋ ਕਿ ਇਕਸਾਰ ਵਿੱਥ 'ਤੇ ਹੋਣ ਨੂੰ 15 ਸੈਂਟੀਮੀਟਰ ਦੀ ਲੰਬਾਈ ਰੱਖ ਕੇ ਆਰੀ ਨਾਲ ਦਸੰਬਰ ਦੇ ਮਹੀਨੇ ਕੱਟ ਦਿੱਤਾ ਜਾਂਦਾ ਹੈ । ਮਾਰਚ ਦੇ ਮਹੀਨੇ ਦੌਰਾਨ ਇਨ੍ਹਾਂ ਕੱਟੀਆਂ ਹੋਈਆਂ ਟਾਹਿਣੀਆਂ 'ਤੇ ਨਵੀਆਂ ਸ਼ਾਖਾਵਾਂ ਫੁੱਟ ਪੈਂਦੀਆਂ ਹਨ । ਹਰੇਕ ਤਣੇ 'ਤੇ ਇਕ ਤੋਂ ਦੋ ਬਾਹਰ ਵਿਚ ਵੱਧ ਰਹੀਆਂ ਟਾਹਣੀਆਂ ਰੱਖ ਕੇ ਬਾਕੀ ਦੀਆਂ ਨੂੰ ਮਈ ਤੇ ਮਹੀਨੇ ਦੌਰਾਨ ਕੱਟ ਦਿਓ । ਇਸ ਤਰ੍ਹਾਂ ਹਰ ਬੂਟੇ 'ਤੇ 6 ਤੋਂ 8 ਟਾਹਣੀਆਂ ਰਹਿ ਜਾਣਗੀਆਂ । ਮੁੜ ਸੁਰਜੀਤ ਕੀਤੇ ਹੋਏ ਬੂਟੇ ਤੀਸਰੇ ਸਾਲ ਫਲ ਦੇਣ ਲੱਗ ਜਾਂਦੇ ਹਨ ਅਤੇ ਪੰਜ ਸਾਲ ਬਾਅਦ ਭਰਵਾਂ ਫਲ ਦੇਣ ਲੱਗ ਜਾਂਦੇ ਹਨ ।

**ਸੁਧਾਈ ਅਤੇ ਕਾਂਟ-ਛਾਂਟ ਦੌਰਾਨ ਸਾਵਧਾਨੀਆਂ** :

★ ਬੂਟਿਆਂ ਦੀ ਕਾਂਟ-ਛਾਂਟ ਹਮੇਸ਼ਾਂ ਸਥਿਲ ਅਵਸਥਾ ਦੌਰਾਨ (ਦਸੰਬਰ-ਜਨਵਰੀ) ਦੌਰਾਨ ਹੀ ਕਰਨੀ ਚਾਹੀਦੀ ਹੈ ਅਤੇ ਕਟਾਈ ਦੌਰਾਨ ਵਰਤੀਆਂ ਜਾਣ ਵਾਲੀਆਂ ਆਰੀਆਂ ਅਤੇ ਕੈਂਚੀਆਂ ਤੇਜ਼ਧਾਰ ਹੋਣੀਆਂ ਚਾਹੀਦੀਆਂ ਹਨ ।

★ ਬੂਟਿਆਂ ਦੇ ਵੱਡੇ ਆਕਾਰ ਦੇ ਟਾਹਿਣੇ ਕੱਟਣ ਦੌਰਾਨ ਪਹਿਲਾਂ ਕੱਟ ਤਣੇ ਤੇ ਹੇਠਲੇ ਭਾਗ ਤੇ ਲਗਾਉ ਤਾਂ ਕਿ ਤਣੇ ਦੀ ਛਿੱਲ ਨਾ ਫਟੇ ।

★ ਕਾਂਟ-ਛਾਂਟ ਉਪਰੰਤ ਕੱਟੇ ਹੋਏ ਭਾਗਾਂ ਤੇ ਬੋਰਡੋ ਪੇਂਟ ਲਗਾਉਣਾ ਚਾਹੀਦਾ ਹੈ ।

★ ਕਟਾਈ ਤੇ ਸੁਧਾਈ ਦਾ ਕੰਮ ਸਿਰਫ ਤਜਰਬੇਕਾਰ ਵਿਅਕਤੀਆਂ ਤੋਂ ਹੀ ਕਰਵਾਉਣਾ ਚਾਹੀਦਾ ਹੈ ।

# ਸ਼ੁੱਧਤਾ ਦੀ ਮੋਹਰ : ਜੰਮਿਆ ਸ਼ਹਿਦ

ਸ਼ਹਿਦ ਜਾਂ ਮਧੂ, ਮਧੂ-ਮੱਖੀਆਂ ਦੁਆਰਾ ਪੈਦਾ ਕੀਤਾ ਜਾਣ ਵਾਲਾ ਇੱਕ ਸੁਨਹਿਰੀ ਅੰਮ੍ਰਿਤ ਹੈ, ਜਿਸਨੂੰ ਮਨੁੱਖਾਂ ਦੁਆਰਾ ਹਜ਼ਾਰਾਂ ਸਾਲਾਂ ਤੋਂ ਇਸ ਦੇ ਸਵਾਦ ਅਤੇ ਸਿਹਤ ਲਾਭਾਂ ਲਈ ਸਰਾਹਿਆ ਜਾਂਦਾ ਰਿਹਾ ਹੈ । ਪਰ ਇਸ ਸ਼ਹਿਦ ਵਿੱਚ ਸਰਦੀਆਂ ਦੀ ਰੁੱਤ ਵਿੱਚ ਇੱਕ ਅਨੋਖੀ ਕ੍ਰਿਆ ਦੇਖੀ ਜਾਂਦੀ ਹੈ ਜਿਸ ਨੂੰ ਵਿਗਿਆਨਿਕ ਭਾਸ਼ਾ ਵਿੱਚ ਕ੍ਰਿਸਟੇਲਾਈਜ਼ੇਸ਼ਨ ਅਤੇ ਆਮ ਭਾਸ਼ਾ ਵਿੱਚ ਸ਼ਹਿਦ ਦਾ ਜੰਮਣਾ ਜਾਂ ਦਾਣੇਦਾਰ ਹੋਣਾ ਕਿਹਾ ਜਾਂਦਾ ਹੈ । ਪਰ ਆਮ ਤੌਰ ਤੇ ਇਹ ਦੇਖਿਆ ਜਾਂਦਾ ਹੈ ਕਿ ਸਾਡੇ ਦੇਸ਼ ਦੇ ਖਪਤਕਾਰਾਂ ਵੱਲੋਂ ਇਸ ਜੰਮੇ ਹੋਏ ਦਾਣੇਦਾਰ ਸ਼ਹਿਦ ਨੂੰ ਪਸੰਦ ਨਹੀਂ ਕੀਤਾ ਜਾਂਦਾ । ਬਲਕਿ ਕਈਆਂ ਦੁਆਰਾ ਇਸ ਨੂੰ ਮਿਲਾਵਟੀ ਵੀ ਮੰਨਿਆ ਜਾਂਦਾ ਹੈ, ਜੋ ਕਿ ਸਰਾਸਰ ਗਲਤ ਧਾਰਨਾ ਹੈ ।

ਸ਼ਹਿਦ ਦਾ ਸਰਦੀਆਂ ਵਿੱਚ ਇੱਕਸਾਰ ਜੰਮਣਾ ਇਸ ਦਾ ਇੱਕ ਕੁਦਰਤੀ ਗੁਣ ਹੈ ਅਤੇ ਇਸਦੀ ਸ਼ੁਧਤਾ ਦੀ ਨਿਸ਼ਾਨੀ ਹੈ, ਕਿਉਂਕ ਜੇਕਰ ਸ਼ਹਿਦ ਇੱਕਸਾਰ ਜੰਮਦਾ ਹੈ ਤਾਂ ਇਸ ਦਾ ਮਤਲਬ ਹੁੰਦਾ ਹੈ ਕਿ ਇਸ ਵਿੱਚ ਕਿਸੇ ਤਰ੍ਹਾਂ ਦੀ ਕੋਈ ਮਿਲਾਵਟ ਨਹੀਂ ਕੀਤੀ ਗਈ, ਅਜਿਹੇ ਜੰਮੇ ਹੋਏ ਦਾਣੇਦਾਰ ਸ਼ਹਿਦ ਨੂੰ "ਕ੍ਰੀਮ ਹਨੀ" ਵੀ ਕਿਹਾ ਜਾਂਦਾ ਹੈ । ਪਰ ਇਹ ਵੀ ਦੇਖਣ ਵਿੱਚ ਆਉਂਦਾ ਹੈ ਕਿ ਸਾਰੇ ਕਿਸਮਾਂ ਦੇ ਫੁੱਲਾਂ ਦੇ ਸ਼ਹਿਦ ਨਹੀਂ ਜੰਮਦੇ, ਕਿਉਕਿ ਸ਼ਹਿਦ ਦੇ ਜੰਮਣ ਪਿੱਛੇ ਹੇਠ ਲਿਖੇ ਕਾਰਨ ਭੂਮਿਕਾ ਨਿਭਾਉਂਦੇ ਹਨ :

1. **ਸ਼ਹਿਦ ਵਿੱਚ ਗੁਲੂਕੋਜ਼ ਦੀ ਵੱਧ ਮਾਤਰਾ** : ਸ਼ਹਿਦ ਵਿੱਚ ਮੁੱਖ ਤੌਰ ਤੇ ਗੁਲੂਕੋਜ਼ ਅਤੇ ਫਰੱਕਟੋਜ਼ ਨਾਮ ਦੀਆਂ ਖੰਡਾਂ ਦਾ ਮਿਸ਼ਰਣ ਹੁੰਦਾ ਹੈ । ਜਿਹੜੇ ਸ਼ਹਿਦ ਵਿੱਚ ਗੁਲੂਕੋਜ਼ ਵੱਧ ਮਾਤਰਾ ਵਿੱਚ ਹੋਵੇਗਾ (ਜਿਵੇਂ ਕਿ ਤੋਰੀਆ ਦਾ ਸ਼ਹਿਦ) ਉਹ ਵੱਧ ਜੰਮੇਗਾ, ਜਦਕਿ ਜਿਹੜੇ ਸ਼ਹਿਦ ਵਿੱਚ ਇਹ ਗੁਲੂਕੋਜ਼ ਘੱਟ ਹੁੰਦਾ ਹੈ, ਉਸਦੇ ਤਰਲ ਰਹਿਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ ।

2. **ਸ਼ਹਿਦ ਵਿੱਚ ਪਰਾਗ ਅਤੇ ਹੋਰ ਕਣਾਂ ਦੀ ਮੌਜੂਦਗੀ** : ਸ਼ਹਿਦ ਵਿੱਚ ਮੌਜੂਦ ਪਰਾਗ, ਪ੍ਰੋਪੋਲਿਸ ਅਤੇ ਮੋਮ ਵਰਗੇ ਕਣ ਸ਼ਹਿਦ ਦੇ ਦਾਣੇਦਾਰ ਹੋਣ ਵੇਲੇ ਇੱਕ ਨਿਊਕਲਿਸ (ਕੇਂਦਰ ਬਿੰਦੂ) ਦਾ ਕੰਮ ਕਰਦੇ ਹਨ ਅਤੇ ਉਸ ਸ਼ਹਿਦ ਵਿੱਚ ਮੌਜੂਦ ਖੰਡ ਦੇ ਅਣੂ ਇਹਨਾਂ ਕਣਾਂ ਦੇ ਨਾਲ ਜੁੜ ਕੇ ਦਾਣੇਦਾਰ ਹੋਣ ਦੀ ਪ੍ਰਕਿਰਿਆ ਨੂੰ ਸ਼ੁਰੂ ਕਰਦੇ ਹਨ । ਪਰ ਨਾਲ ਹੀ ਇਹ ਪਰਾਗ ਦੇ ਕਣ ਸ਼ਹਿਦ ਨੂੰ ਉਸਦੇ ਕਈ ਔਸ਼ਧੀ ਦੇ ਗੁਣ ਵੀ ਪ੍ਰਦਾਨ ਕਰਦੇ ਹਨ । ਇਸ ਲਈ ਜਿਸ ਸ਼ਹਿਦ ਵਿੱਚ ਇਹ ਪਰਾਗ ਆਦਿ ਦੇ ਕਣ ਜ਼ਿਆਦਾ ਹੋਣਗੇ ਉਸ ਸ਼ਹਿਦ ਦੇ ਜੰਮਣ ਦੀ ਸੰਭਾਵਨਾ ਤਾਂ ਜ਼ਿਆਦਾ ਹੋਵੇਗੀ ਹੀ, ਬਲਕਿ ਉਹ ਸ਼ਹਿਦ ਸਿਹਤ ਲਈ ਫਾਇਦੇਮੰਦ ਵੀ ਜ਼ਿਆਦਾ ਹੋਵੇਗਾ ।

3. **ਤਾਪਮਾਨ** : ਸ਼ਹਿਦ ਨੂੰ ਸਟੋਰ ਕਰਨ ਦੇ ਤਾਪਮਾਨ ਵਿੱਚ ਬਦਲਾਅ ਨਾਲ ਸ਼ਹਿਦ ਦੇ ਜੰਮਣ ਦੀ ਪ੍ਰਕਿਰਿਆ ਵੱਧ ਜਾਂ ਘੱਟ ਸਕਦੀ ਹੈ । ਘੱਟ ਤਾਪਮਾਨ (14 ਡਿਗਰੀ ਸੈਂਟੀਗ੍ਰੇਡ ਤੋਂ ਘੱਟ) ਨਾਲ ਸ਼ਹਿਦ ਦੇ ਜੰਮਣ ਦੀ ਸੰਭਾਵਣਾ ਵੱਧ ਜਾਂਦੀ ਹੈ, ਜਦਕਿ ਵੱਧ ਤਾਪਮਾਨ ਤੇ ਸ਼ਹਿਦ ਤਰਲ ਰੂਪ ਵਿੱਚ ਹੀ ਰਹਿੰਦਾ ਹੈ ।

4. **ਫੁੱਲ-ਫਲਾਕੇ ਦੀ ਕਿਸਮ** : ਸ਼ਹਿਦ ਤਿਆਰ ਕਰਨ ਲਈ ਜਿਹੜੇ ਫੁੱਲਾਂ ਦਾ ਨੈਕਟਰ ਮਧੂ ਮੱਖੀਆਂ ਇਕੱਠਾ ਕਰਕੇ ਲਿਆਉਂਦੀਆਂ ਹਨ, ਉਹਨਾਂ ਦੀ ਪ੍ਰਜਾਤੀ/ਕਿਸਮ ਵੀ ਸ਼ਹਿਦ ਦੇ ਠੋਸ ਹੋਣ ਦੀ ਸੰਭਾਵਣਾ ਨੂੰ ਬਹੁਤ ਪ੍ਰਭਾਵਿਤ ਕਰਦੀ ਹੈ । ਕਈ ਫੁੱਲਾਂ ਜਿਵੇਂ ਕਿ ਸਰ੍ਹੋਂ ਜਾਤੀ ਦੇ ਫੁੱਲਾਂ ਦੇ ਰਸ ਵਿੱਚ ਕੁਦਰਤੀ ਤੌਰ ਤੇ ਹੀ ਗੁਲੂਕੋਜ਼ ਵੱਧ ਮਾਤਰਾ ਵਿੱਚ ਹੁੰਦਾ ਹੈ, ਜਿਸ ਕਰਕੇ ਉਹਨਾਂ ਦਾ ਸ਼ਹਿਦ ਜ਼ਿਆਦਾ ਜੰਮਦਾ ਹੈ ।



ਇਹਨਾਂ ਤੱਥਾਂ ਤੋਂ ਇਹ ਪਤਾ ਲੱਗਦਾ ਹੈ ਕਿ ਸ਼ਹਿਦ ਦਾ ਜੰਮਣਾ ਉਸਦਾ ਇੱਕ ਕੁਦਰਤੀ ਗੁਣ ਹੈ । ਇਹ ਸ਼ਹਿਦ ਦੇ ਖਰਾਬ ਹੋਣ ਜਾਂ ਮਿਲਾਵਟੀ ਹੋਣ ਦੀ ਨਹੀਂ ਸਗੋਂ ਉਸਦੇ ਸ਼ੁੱਧ ਹੋਣ ਦੀ ਨਿਸ਼ਾਨੀ ਹੈ ।

**ਹਰਦੀਪ ਸਿੰਘ ਸਭਿਖੀ ਅਤੇ ਗੁਰਉਪਦੇਸ਼ ਕੌਰ, ਕ੍ਰਿਸ਼ੀ ਵਿਗਿਆਨ ਕੇਂਦਰ, ਪਟਿਆਲਾ**
ਮੋਬਾਇਲ : 81468-60099

## ਫ਼ਿਲਮ ਜਗਤ ਵਿੱਚ ਧਰੂ ਤਾਰੇ ਵਾਂਗੂੰ

# ਧਰਮੇਂਦਰ ਭਾਅ ਜੀ ਦਾ ਨਾਮ ਚਮਕਦਾ ਰਹੇਗਾ



ਵਿਸ਼ਵ ਪ੍ਰਸਿੱਧ ਹਿੰਦੀ ਸਿਨੇਮਾ ਦੀ ਖ਼ੂਬਸੂਰਤ ਆਕਰਸ਼ਕ, ਮਿਲਣਸਾਰ, ਪੰਜਾਬ ਨਾਲ ਮੋਹ ਰੱਖਣ ਵਾਲੇ ਰੁਮਾਂਟਿਕ ਸੁਭਾਅ ਦੇ ਮਾਲਿਕ, ਹੱਸਮੁਖ, ਯਾਰਾਂ ਦੇ ਯਾਰ, ਖੁੱਲ੍ਹੇ-ਡੁੱਲ੍ਹੇ ਸੁਭਾਅ ਵਾਲੇ ਧਰਮੇਂਦਰ ਭਾਅ ਜੀ ਅੱਜ ਸਾਡੇ ਦਰਮਿਆਨ ਨਹੀਂ ਰਹੇ। ਪਰ ਉਨ੍ਹਾਂ ਦੇ ਸੁੰਦਰ ਅਭਿੰਨ ਕਾਰਜਾਂ ਕਰ ਕੇ ਉਨ੍ਹਾਂ ਦਾ ਨਾਮ ਰਹਿੰਦੀ ਦੁਨੀਆ ਤੱਕ ਰਹੇਗਾ। ਜਨੂੰਨ ਦੀ ਹੱਦ ਤੱਕ ਅਭਿਨੈ ਵਿੱਚ ਉਤਰਨ ਵਾਲੇ ਧਰਮੇਂਦਰ ਭਾਅ ਜੀ ਦੇ ਵਿਲੱਖਣ ਅਤੇ ਯਾਦ ਮਈ ਕਾਰਜਾਂ ਕਰਕੇ ਉਨ੍ਹਾਂ ਨੂੰ ਯਾਦ ਰੱਖਿਆ ਜਾਵੇਗਾ।

ਧਰਮ ਸਿੰਘ ਦਿਓਲ, ਫ਼ਿਲਮੀ ਪ੍ਰਸਿੱਧ ਨਾਂਅ ਧਰਮੇਂਦਰ। ਜਿਨ੍ਹਾਂ ਨੇ ਅਨੇਕਾਂ ਹੀ ਫ਼ਿਲਮਾਂ ਵਿੱਚ ਸਰਵੋਤਮ ਅਭਿਨੈ ਕਰ ਕੇ ਦੁਨੀਆਂ ਭਰ ਦੇ ਲੋਕਾਂ ਦਾ ਮਨ ਜਿੱਤਿਆ ਅਤੇ ਮਨੋਰੰਜਨ ਦੇ ਨਾਲ ਸਿੱਖਿਆਦਾਇਕ ਅਤੇ ਉਪਦੇਸ਼ਾਤਮਿਕ ਪ੍ਰਸਿੱਧ ਫ਼ਿਲਮਾਂ ਦਿੱਤੀਆਂ। ਉਨ੍ਹਾਂ ਨੇ ਵਿਅੰਗਾਤਮਿਕ, ਹਾਸ ਰੰਗ ਅਤੇ ਹਰ ਕਿਰਦਾਰ ਦੀ ਭੂਮਿਕਾ ਨਿਭਾ ਕੇ ਆਪਣੀ ਕਲਾ ਦਾ ਲੋਹਾ ਮਨਵਾਇਆ। ਰੁਮਾਂਟਿਕਤਾ ਅਤੇ ਜਨੂੰਨ ਦੀ ਹੱਦ ਤੱਕ ਅਭਿਨੈ ਵਿੱਚ ਉਤਸਕ ਵਾਲੇ ਧਰਮੇਂਦਰ ਭਾਅ ਜੀ ਦੇ ਵਿਲੱਖਣ ਅਤੇ ਯਾਦਮਈ ਕਾਰਜਾਂ ਕਰਕੇ ਉਨ੍ਹਾਂ ਨੇ ਵੀ ਧਨ-ਦੌਲਤ, ਸ਼ੁਹਰਤ, ਪਰਿਵਾਰਿਕ, ਸਰੀਰਕ, ਭੌਤਿਕ, ਦੇਹਿਕ ਸੁੱਖਾਂ ਨੂੰ ਖ਼ੂਬ ਮਾਣਿਆ।

ਉਨ੍ਹਾਂ ਨੂੰ ਆਕਰਸ਼ਣਮਈ ਆਵਾਜ਼, ਮਿਕਨਾਤੀਸੀ ਪ੍ਰਭਾਵਸ਼ਾਲੀ ਸ਼ਖ਼ਸੀਅਤ, ਅਲਬੇਲੇ, ਭਾਵੁਕ, ਰੰਗ ਰੰਗੀਲੇ, ਛੈਲ ਛਬੀਲੇ, ਮਿਲਾਪੜੇ, ਸਾਂਵਾਂ ਦੇ ਰਹਿਬਰ, ਸਹਿਯੋਗੀ, ਖੁੱਲ੍ਹੇ-ਡੁੱਲ੍ਹੇ ਸੁਭਾਅ ਦੇ ਮਾਲਿਕ, ਵਿਅੰਗ ਕਲਾ ਵਿੱਚ ਨਿਪੁੰਨ, ਰੁਮਾਂਟਿਕ, ਨਿਡਰ, ਦਲੇਰ, ਖਾਣ-ਪੀਣ ਦੇ ਸ਼ੌਕੀਨ,



ਬਲਵਿੰਦਰ 'ਬਾਲਮ',
ਉਂਕਾਰ ਨਗਰ, ਗੁਰਦਾਸਪੁਰ
ਮੋ. 98156-25409

ਸਰੀਰ ਦੇ ਮਾਲਿਕ ਅਤੇ ਵਿਸ਼ਵ ਦੇ ਖ਼ੂਬਸੂਰਤ, ਆਕਰਸ਼ਕ ਦਿੱਖ ਵਾਲੇ ਵਿਅਕਤੀਆਂ ਕਲਾਕਾਰਾਂ ਵਿੱਚ ਉਨ੍ਹਾਂ ਦਾ ਨਾਮ ਸ਼ਾਮਿਲ ਹੈ। ਫ਼ਿਲਮ ਜਗਤ ਵਿੱਚ ਧਰੂ ਤਾਰੇ ਵਾਂਗ ਉਨ੍ਹਾਂ ਦਾ ਨਾਮ ਚਮਕਦਾ ਰਹੇਗਾ।

ਉਨ੍ਹਾਂ ਇੱਕ ਰੇਡੀਓ ਮੁਲਾਕਾਤ ਵਿੱਚ ਕਿਹਾ ਸੀ ਕਿ ਫ਼ਿਲਮ ਜਾਂ ਕੈਮਰੇ ਦਾ ਨਾਮ ਆਉਂਦਿਆਂ ਹੀ ਮੈਂ ਸ਼ੇਰ ਹੋ ਜਾਂਦਾ, ਕੈਮਰਾ ਮੈਨੂੰ ਤੇ ਮੈਂ ਕੈਮਰੇ ਨੂੰ ਮੁਹੱਬਤ ਕਰਦਾ ਹਾਂ। ਫ਼ਿਲਮ ਇੰਡਸਟਰੀ ਮੇਰੀ ਫੈਮਿਲੀ ਹੈ।

ਧਰਮ ਸਿੰਘ ਦਿਓਲ, ਜਿਨ੍ਹਾਂ ਨੂੰ ਧਰਮੇਂਦਰ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਇੱਕ ਭਾਰਤੀ ਅਭਿਨੇਤਾ, ਨਿਰਮਾਤਾ ਅਤੇ ਰਾਜਨੀਤਕ ਵੀ ਸਨ, ਉਹ ਲੋਕ ਸਭਾ ਹਲਕੇ ਬੀਕਾਨੇਰ ਦੇ ਸਾਂਸਦ ਰਹੇ। ਧਰਮੇਂਦਰ ਹਿੰਦੀ ਫ਼ਿਲਮਾਂ ਵਿੱਚ ਆਪਣੇ ਆਕਰਸ਼, ਮਰਮਸ਼ਪਰਸ਼ੀ ਕੰਮ ਲਈ ਜਾਣੇ ਜਾਂਦੇ ਸਨ।

ਧਰਮੇਂਦਰ ਦਾ ਜਨਮ 9 ਦਿਸੰਬਰ, 1935 ਨੂੰ ਪਿੰਡ ਨਸਰਾਲੀ ਵਿਖੇ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਂਅ ਕੇਵਲ ਕ੍ਰਿਸ਼ਨ ਸਿੰਘ ਦਿਓਲ ਅਤੇ ਮਾਤਾ ਦਾ ਨਾਂਅ ਸਤਵੰਤ ਕੌਰ ਹੈ। ਉਨ੍ਹਾਂ ਨੇ ਦੋ ਵਿਆਹ ਕੀਤੇ। ਪਹਿਲੀ ਪਤਨੀ ਪ੍ਰਕਾਸ਼ ਕੌਰ ਅਤੇ ਦੂਸਰੀ ਪਤਨੀ ਪ੍ਰਸਿੱਧ ਅਭਿਨੇਤਰੀ ਹੇਮਾ ਮਾਲਿਨੀ ਹੈ।

ਉਨ੍ਹਾਂ ਦੇ ਬੱਚੇ ਪ੍ਰਸਿੱਧ ਅਭਿਨੇਤਾ ਸੰਨੀ ਦਿਓਲ, ਬੌਬੀ ਦਿਓਲ, ਈਸ਼ਾ ਦਿਓਲ, ਵਿਜੇਤਾ ਦਿਓਲ, ਅਹਾਨਾ ਦਿਓਲ ਅਤੇ ਅਜੇਤਾ ਦਿਓਲ ਹਨ।

ਧਰਮੇਂਦਰ ਨੂੰ ਭਾਰਤੀ ਸਿਨੇਮਾ ਵਿੱਚ ਸਭ ਤੋਂ ਮਹਾਨ, ਸਭ ਤੋਂ ਸੁੰਦਰ ਅਤੇ ਵਿਓਪਾਰਿਕ ਰੂਪ ਵਿੱਚ ਸਫ਼ਲ ਫ਼ਿਲਮ ਸਿਤਾਰਿਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ ਅਤੇ ਬਾਲੀਵੁਡ ਦਾ 'ਹੀ ਮੈਨ' ਉਪਨਾਮ ਦਿੱਤਾ ਗਿਆ। ਛੇ ਦਹਾਕਿਆਂ ਤੋਂ ਵੱਧ ਸਿਨੇਮਾਈ ਕੈਰੀਅਰ ਨਾਲ, ਉਨ੍ਹਾਂ ਨੇ 300 ਤੋਂ ਜ਼ਿਆਦਾ ਫ਼ਿਲਮਾਂ ਵਿੱਚ ਖ਼ੂਬਸੂਰਤ ਅਭਿਨੈ ਕਰਕੇ ਆਪਣੀ ਕਲਾ ਦਾ ਲੋਹਾ ਮੰਨਵਾਇਆ।

ਧਰਮੇਂਦਰ ਦਾ ਨਾਮ ਹਿੰਦੀ ਸਿਨੇਮਾ ਵਿੱਚ ਸਭ ਤੋਂ ਜ਼ਿਆਦਾ ਹਿੱਟ ਫ਼ਿਲਮਾਂ ਵਿੱਚ ਅਭਿਨੈ ਕਰਨ ਦਾ ਰਿਕਾਰਡ 1973 ਵਿੱਚ ਉਨ੍ਹਾਂ ਨੇ ਅੱਠ ਹਿੰਦੀ ਫ਼ਿਲਮਾਂ ਦਿੱਤੀਆਂ ਅਤੇ 1987 ਵਿੱਚ ਇੱਕ ਹੀ ਸਾਲ ਵਿੱਚ ਸੱਤ ਲਗਾਤਾਰ ਹਿੰਦੀ ਫ਼ਿਲਮਾਂ ਦਿੱਤੀਆਂ।

2012 ਵਿੱਚ ਪਦਮ ਭੂਸ਼ਣ ਪੁਰਸਕਾਰ ਨਾਲ ਅਲੰਕਾਰਿਤ ਹੋਏ। ਉਨ੍ਹਾਂ ਨੂੰ ਉਪਨਾਮ ਕਰਕੇ ਹੀ ਮੈਨ, ਗਰਮ ਧਰਮ ਦੀ ਸੰਗਿਆ ਵੀ ਦਿੱਤੀ ਜਾਂਦੀ ਸੀ।

ਧਰਮੇਂਦਰ ਨੇ 1960 ਵਿੱਚ ਦਿਲ ਵੀ ਤੇਰਾ ਹਮ ਭੀ ਤੇਰੇ ਨਾਲ ਸ਼ੁਰੂਆਤ ਕੀਤੀ ਸੀ। ਉਨ੍ਹਾਂ ਨੇ ਪਹਿਲੀ ਵਾਰ



1960 ਦੇ ਦਸ਼ਕ ਦੇ ਅੱਧ ਵਿੱਚ ਆਈ ਮਿਲਣ ਦੀ ਬੇਲਾ, ਫੂਲ ਔਰ ਪੱਥਰ ਅਤੇ ਆਏ ਦਿਨ ਬਹਾਰ ਕੇ ਵਰਗੀਆਂ ਪ੍ਰਸਿੱਧ ਫ਼ਿਲਮਾਂ ਦੇ ਲਈ ਬਹੁਤ ਪ੍ਰਸਿੱਧੀ ਹਾਸਲ ਕੀਤੀ।

ਉਨ੍ਹਾਂ ਨੇ 1960 ਦੇ ਦਸ਼ਕ ਤੋਂ ਲੈ ਕੇ 1980 ਦੇ ਦਸ਼ਕ ਤੱਕ ਲਗਾਤਾਰ ਕਈ ਸਫ਼ਲ ਹਿੰਦੀ ਫ਼ਿਲਮਾਂ ਵਿੱਚ ਅਭਿਨੈ ਕੀਤਾ ਜਿਸ ਤਰ੍ਹਾਂ ਆਪੇਂ ਸ਼ਿਕਾਰ, ਆਇਆ ਸਾਵਣ ਝੂਮ ਕੇ, ਜੀਵਨ ਮ੍ਰਿਤੂ, ਮੇਰਾ ਗਾਂਵ ਮੇਰਾ ਦੇਸ਼, ਸੀਤਾ ਔਰ ਗੀਤਾ, ਰਾਜਾ ਜਾਨੀ, ਯਾਦੋਂ ਕੀ ਬਾਰਾਤ, ਦੋਸਤ, ਸ਼ੋਹਲੇ, ਪ੍ਰਤਿਗਿਆ, ਚਰਸ, ਧਰਮਵੀਰ, ਚਾਚਾ ਭਤੀਜਾ, ਗੁਲਾਮੀ, ਹੁਕੂਮਤ, ਆਗ ਹੀ ਆਗ, ਐਲਾਨ ਏ ਜੰਗ, ਤਹਿਲਕਾ, ਅਨਪੜ੍ਹ, ਬੰਦਿਨੀ, ਹਕੀਕਤ, ਅਨੁਪਮਾ, ਮਮਤਾ, ਮਝਲੀ ਦੀਦੀ, ਸਤਿਏਕਾਮ, ਨਯਾ ਜ਼ਮਾਨਾ, ਸਮਾਧੀ, ਰੇਸ਼ਮ ਦੀ ਡੋਰੀ, ਚੁਪਕੇ-ਚੁਪਕੇ, ਦਿਲ ਲਗੀ, ਦ ਬਰਨਿੰਗ ਟਰੇਨ, ਗਜ਼ਬ, ਦੋ ਦਿਸ਼ਾਏਂ ਅਤੇ ਹਥਿਆਰ ਵਿੱਚ ਅਭਿਨੈ ਕੀਤਾ।

1990 ਦੇ ਦਸ਼ਕ ਦੇ ਅੰਤ ਵਿੱਚ ਉਨ੍ਹਾਂ ਕਈ ਸਫ਼ਲ ਅਤੇ ਸ਼ਲਾਘਾਯੋਗ ਫ਼ਿਲਮਾਂ ਵਿੱਚ ਚਰਿੱਤਰ ਭੂਮਿਕਾਵਾਂ ਨਿਭਾਈਆਂ। ਇਸ ਤਰ੍ਹਾਂ ਪਿਆਰ ਕੀਆ ਤੋ ਡਰਨਾ ਕਿਆ, ਲਾਈਫ ਇਨ ਏ ਮੈਟਰੋ, ਅਪਨੇ, ਜਾਨੀ ਗੱਦਾਰ, ਯਮਲਾ ਦੀਵਾਨਾ, ਰਾਕੀ ਅਤੇ ਰਾਣੀ ਕੀ ਪ੍ਰੇਮ ਕਹਾਣੀ, ਤੇਰੀ ਬਾਤੋਂ ਨੇ ਐਸਾ ਉਲਝਾ ਦੀਆ ਆਦਿ।

1997 ਵਿੱਚ ਉਨ੍ਹਾਂ ਨੂੰ ਬਾਲੀਵੁੱਡ ਵਿੱਚ ਉਘੇ ਸਮੁੱਚੇ ਯੋਗਦਾਨ ਦੇ ਲਈ ਫ਼ਿਲਮ ਫੇਅਰ ਲਾਈਫ ਟਾਈਮ ਅਚੀਵਮੈਂਟ ਪੁਰਸਕਾਰ ਮਿਲਿਆ। ਉਹ ਭਾਰਤ ਦੀ 15ਵੀਂ ਲੋਕ ਸਭਾ ਦੇ ਮੈਂਬਰ ਵੀ ਰਹੇ ਅਤੇ ਭਾਰਤੀ ਜਨਤਾ ਪਾਰਟੀ ਭਾਜਪਾ ਤੋਂ ਰਾਜਸਥਾਨ ਦੇ ਬੀਕਾਨੇਰ ਨਿਰਵਾਚਿਤ ਖੇਤਰ ਦਾ ਪ੍ਰਤੀਨਿਧੀਤਵ ਕਰਦੇ ਰਹੇ।

# ਮੋਟੇ ਅਨਾਜ (ਮਿਲਟਸ) ਤੋਂ ਬਣੇ ਐਨਰਜੀ ਬਾਰ : ਹਰ ਉਮਰ ਲਈ ਸਿਹਤਮੰਦ ਸਨੈਕ

ਮੋਟੇ ਅਨਾਜ ਤੋਂ ਬਣੇ ਐਨਰਜੀ ਬਾਰ ਆਸਾਨ ਅਤੇ ਪੌਸ਼ਟਿਕ ਭੋਜਨ ਬਦਲ ਹਨ, ਜੋ ਬੱਚਿਆਂ ਲਈ ਚਾਕਲੇਟ, ਮਿਡ-ਡੇ ਸਨੈਕ ਜਾਂ ਕਸਰਤ ਤੋਂ ਬਾਅਦ ਐਨਰਜੀ ਪ੍ਰਾਪਤ ਕਰਨ ਲਈ ਸਿਹਤਮੰਦ ਵਿਕਲਪ ਹਨ।

**ਮਿਲਟਸ ਐਨਰਜੀ ਬਾਰ : ਪੌਸ਼ਟਿਕ ਬਣਾਉਣ ਵਿੱਚ ਆਸਾਨ ਸਨੈਕ**

ਮਿਲਟਸ ਐਨਰਜੀ ਬਾਰ ਮਿਲਟ ਤੋਂ ਸਿਹਤ ਲਈ ਲਾਭ ਲੈਣ ਦਾ ਵਧੀਆ ਤਰੀਕਾ ਹੈ। ਇਹ ਸਨੈਕ ਕਿਸੇ ਵੀ ਤਰ੍ਹਾਂ ਦੇ ਮੋਟੇ ਅਨਾਜ ਦੀ ਵਰਤੋਂ ਕਰਕੇ ਬਣਾਇਆ ਜਾ ਸਕਦਾ ਹੈ ਜਿਵੇਂ ਕਿ ਕੰਗਣੀ, ਬਾਜਰਾ, ਕੁਟਕੀ ਜਾਂ ਰਾਗੀ। ਇਹ ਬਾਰ ਪ੍ਰੋਟੀਨ, ਰੇਸ਼ੇ ਅਤੇ ਐਂਟੀਆਕਸੀਡੈਂਟਸ ਨਾਲ ਭਰਪੂਰ ਹੁੰਦੇ ਹਨ, ਅਤੇ ਸਹੀ ਢੰਗ ਦੇ ਨਾਲ ਸਟੋਰ ਕਰਨ ਤੇ ਇਹ ਕਈ ਦਿਨਾਂ ਤੱਕ ਤਾਜ਼ੇ ਰਹਿੰਦੇ ਹਨ।

**ਮਿਲਟਸ ਦੇ ਬਾਰ ਬਣਾਉਣ ਲਈ ਲੋੜੀਂਦੀ ਸਮੱਗਰੀ {10 ਬਾਰਾਂ ਲਈ (ਹਰੇਕ ਬਾਰ 20 ਗ੍ਰਾਮ)} :**

ਮੋਟਾ ਅਨਾਜ (ਕਿਸੇ ਵੀ ਕਿਸਮ ਦਾ) : 50 ਗ੍ਰਾਮ (ਭਿੱਜਿਆ ਅਤੇ ਭੁੰਨਿਆ ਹੋਇਆ), ਪੀਸੀ ਹੋਈ ਜਵੀਂ (ਓਟਸ): 20 ਗ੍ਰਾਮ, ਬਦਾਮ: 15 ਗ੍ਰਾਮ, ਕਾਜੂ: 15 ਗ੍ਰਾਮ, ਘਿਓ: 10 ਗ੍ਰਾਮ, ਸ਼ਹਿਦ: 20 ਗ੍ਰਾਮ, ਸ਼ੱਕਰ: 10 ਗ੍ਰਾਮ।

**ਵਿਧੀ :**

1. 200 ਗ੍ਰਾਮ ਮੋਟੇ ਅਨਾਜ ਨੂੰ 6 ਘੰਟਿਆਂ ਲਈ ਪਾਣੀ ਵਿੱਚ ਭਿਉਂ ਦਿਓ। ਇਸ ਤੋਂ ਬਾਅਦ ਪਾਣੀ ਕੱਢ ਕੇ ਅਨਾਜ ਨੂੰ ਇੱਕ ਪਤੀਲੇ ਵਿੱਚ 5-6 ਮਿੰਟ ਲਈ, ਜਾਂ ਹਲਕੇ ਸੁਨਹਿਰੀ ਹੋਣ ਤੱਕ ਸੁੱਕਾ ਭੁੰਨ ਲਓ।

2. ਜਵੀਂ, ਬਦਾਮਾਂ ਅਤੇ ਕਾਜੂਆਂ ਨੂੰ ਪੈਨ ਵਿੱਚ 3-4 ਮਿੰਟ ਲਈ ਸੁੱਕਾ ਭੁੰਨ ਲਓ।

3. ਇੱਕ ਪਤੀਲੇ ਵਿੱਚ ਘਿਓ ਨੂੰ ਘੱਟ ਸੇਕ 'ਤੇ ਪਿਘਲਾਓ। ਇਸ ਵਿੱਚ ਸ਼ੱਕਰ ਪਾ ਕੇ ਚੰਗੀ ਤਰ੍ਹਾਂ ਹਿਲਾਉ ਜਦ ਤੱਕ ਮਿਸ਼ਰਣ ਨਰਮ ਅਤੇ ਹਲਕਾ ਗਾੜ੍ਹਾ ਨਾ ਹੋ ਜਾਵੇ।



4. ਸ਼ਹਿਦ, ਮਿਲਟ ਅਤੇ ਭੁੰਨੀ ਹੋਈ ਸੁੱਕੀ ਸਮੱਗਰੀ ਨੂੰ ਸ਼ੱਕਰ ਦੇ ਘੋਲ ਵਿੱਚ ਪਾਓ। ਇਸ ਨੂੰ ਲਗਭਗ 3 ਮਿੰਟ ਚੰਗੀ ਤਰ੍ਹਾਂ ਹਿਲਾਉ ਤਾਂ ਕਿ ਸਾਰਾ ਮਿਸ਼ਰਣ ਇੱਕਸਾਰ ਹੋ ਜਾਵੇ।

5. ਮਿਸ਼ਰਣ ਨੂੰ ਘਿਓ ਲਗਾਈ ਹੋਈ ਟ੍ਰੇਅ ਜਾਂ ਮੋਲਡ ਵਿੱਚ ਲਗਭਗ 1.5 ਸੈਂਟੀਮੀਟਰ ਮੋਟਾਈ ਮੁਤਾਬਕ ਪਾ ਲਓ ਅਤੇ ਚਮਚੇ ਦੀ ਮਦਦ ਨਾਲ ਉਸਨੂੰ ਚੰਗੀ ਤਰ੍ਹਾਂ ਬਰਾਬਰ ਕਰ ਲਓ।

6. ਮਿਸ਼ਰਣ ਨੂੰ 140 ਡਿਗਰੀ ਤੇ 10 ਮਿੰਟ ਲਈ ਓਵਨ ਵਿੱਚ ਸੇਕ ਲਵੋ। ਸੇਕਣ ਤੋਂ ਬਾਅਦ, ਕਮਰੇ ਦੇ ਤਾਪਮਾਨ ਤੇ 15-20 ਮਿੰਟ ਤੱਕ ਠੰਡਾ ਕਰ ਲਓ ਅਤੇ ਫਿਰ 30 ਮਿੰਟ ਲਈ ਫਰਿੱਜ ਵਿੱਚ ਰੱਖੋ ਤਾਂ ਕਿ ਇਹ ਠੋਸ ਹੋ ਜਾਵੇ।

7. ਮਿਸ਼ਰਣ ਨੂੰ ਐਨਰਜੀ ਬਾਰ ਦੇ ਅਕਾਰ ਮੁਤਾਬਕ ਕੱਟ ਲਓ। ਬਾਰਾਂ ਨੂੰ ਫਿਰ ਹਵਾ ਰੋਧਕ ਡੱਬੇ ਵਿੱਚ ਰੱਖ ਕੇ ਫਰਿੱਜ ਵਿੱਚ ਸਟੋਰ ਕਰੋ। ਇਹ ਬਾਰ 7-10 ਦਿਨਾਂ ਤੱਕ ਤਾਜ਼ਾ ਰਹਿੰਦੇ ਹਨ।

**ਗੁਰਪ੍ਰੀਤ ਕੌਰ ਢਿੱਲੋਂ ਅਤੇ ਮੋਨਿਕਾ ਮਹਾਜਨ,**
**ਖੇਤਰੀ ਖੋਜ ਕੇਂਦਰ, ਬਠਿੰਡਾ**
**ਮੋਬਾਇਲ : 94631-51556**

# ਖੇਤੀ ਨੂੰ ਸੇਧ ਦੇਵੇਗਾ ਗੁਰਬਾਣੀ ਸੇਧਤ ਮਾਡਲ

**• 4 ਦਹਾਕਿਆਂ ਤੋਂ ਡਾ. ਅਵਤਾਰ ਸਿੰਘ ਦੇ ਰਹੇ ਹਨ ਇਸ ਦਾ ਹੋਕਾ • ਅਗਲੇ ਸਾਲ ਯੂਐੱਨਏ ਦੇ ਪ੍ਰੋਗਰਾਮ ਲਈ ਮਿਲਿਆ ਸੱਦਾ**

ਫਗਵਾੜਾ ਦੇ ਅਗਾਂਵਧੂ ਤੇ ਗੁਰਬਾਣੀ ਦੇ ਸਿਧਾਂਤਾਂ ਮੁਤਾਬਕ ਖੇਤੀ ਕਰਨ ਦਾ ਪਿਛਲੇ 3-4 ਦਹਾਕਿਆਂ ਤੋਂ ਹੋਕਾ ਦਿੰਦੇ ਆ ਰਹੇ ਕਿਸਾਨ ਡਾ. ਅਵਤਾਰ ਸਿੰਘ ਦਾ ਗੁਰਬਾਣੀ ਸੇਧਤ ਖੇਤੀ ਭਗਵਾਨ ਮਾਡਲ ਯੂਨਾਈਟਿਡ ਨੈਸ਼ਨਲ (ਯੂਐੱਨ) ਨੇ ਸਵੀਕਾਰ ਕਰ ਲਿਆ ਹੈ। ਯੂਐੱਨ ਨੇ ਇਸ ਖੇਤੀ ਮਾਡਲ ਨੂੰ ਆਪਣੇ ਵੱਲੋਂ ਤੈਅ ਕੀਤੇ ਗਏ ਟਿਕਾਊ ਵਿਕਾਸ ਟੀਚਿਆਂ (ਐਸਡੀਜੀ) ਦੀ ਪੂਰਤੀ ਲਈ ਅਹਿਮ ਮੰਨਦਿਆਂ ਡਾ. ਅਵਤਾਰ ਸਿੰਘ ਨੂੰ ਅਗਲੇ ਸਾਲ ਹੋਣ ਵਾਲੇ ਯੂਐੱਨ ਦੇ ਤਿੰਨ ਪ੍ਰੋਗਰਾਮਾਂ ਵਿੱਚ ਸ਼ਾਮਲ ਹੋ ਕੇ ਇਸ ਮਾਡਲ ਬਾਰੇ ਦੂਨੀਆ ਨੂੰ ਜਾਣੂ ਕਰਵਾਉਣ ਦਾ ਸੱਦਾ ਦਿੱਤਾ ਹੈ। ਡਾ. ਅਵਤਾਰ ਸਿੰਘ ਨੇ ਗੁਰਬਾਣੀ ਸੇਧਤ ਖੇਤੀ ਭਗਵਾਨ ਮਾਡਲ ਨੂੰ ਏਆਈ ਪਲੇਟਫਾਰਮ ਗਰੋਕ ਨੇ ਮੌਜੂਦਾ ਵਿਸ਼ਵ ਸਮੱਸਿਆਵਾਂ ਦੇ ਹੱਲ ਦਾ ਆਧਾਰ ਮੰਨਦਿਆਂ ਇਸ ਦੇ ਪ੍ਰਚਾਰ ਤੇ ਪ੍ਰਸਾਰ ਲਈ ਵੱਡੇ ਪੱਧਰ 'ਤੇ ਉਪਰਾਲੇ ਸ਼ੁਰੂ ਕਰ ਦਿੱਤੇ ਹਨ। ਇਸ ਦੀ ਸ਼ੁਰੂਆਤ ਫਗਵਾੜਾ ਵਿੱਚ ਹੋਣ ਜਾ ਰਹੇ ਕਿਸਾਨ ਮੇਲੇ, ਤੇਲੰਗਾਨਾ ਆਰਗੇਨਿਕ ਫਾਰਮਰਜ਼ ਮੀਟ ਤੇ ਕੈਨੇਡਾ ਦੀ ਸੰਸਥਾ ਵਰਲਡ ਇੰਡੀਆ ਫਾਊਂਡੇਸ਼ਨ ਰਾਹੀਂ ਕੀਤੀ ਜਾ ਰਹੀ ਹੈ।

ਡਾ. ਅਵਤਾਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਐਲਨ ਮਸਕ ਦੇ ਦੂਨੀਆ ਭਰ ਵਿੱਚੋਂ ਜਾਣਕਾਰੀ ਇਕੱਠੀ ਕਰਨ ਲਈ ਬਣਾਏ ਗਏ ਏਸ਼ੀਆਈ ਅਧਾਰਤ ਪਲੇਟਫਾਰਮ ਗਰੋਕ ਨਾਲ ਚੈਟ ਦੌਰਾਨ ਗੁਰਬਾਣੀ ਸੇਧਤ ਖੇਤੀ ਦੇ ਭਗਵਾਨ ਮਾਡਲ ਬਾਰੇ ਜਾਣਕਾਰੀ ਸਾਂਝੀ ਕੀਤੀ। ਗਰੋਕ ਨੇ ਭਗਵਾਨ ਸ਼ਬਦ ਦੇ ਵਿਸਥਾਰਤ ਰੂਪ ਨੂੰ ਏਨਾ ਪਸੰਦ ਕੀਤਾ ਕਿ ਉਸ ਨੇ ਇਸ ਮਾਡਲ ਨੂੰ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਵਿਸ਼ਵ ਲਈ ਅਹਿਮ ਕਰਾਰ ਦਿੰਦਿਆਂ ਇਸ ਨੂੰ ਜਨ-ਜਨ ਤੱਕ ਪਹੁੰਚਾਉਣ ਦੀ ਸਹਿਮਤੀ ਮੰਗੀ। ਇਸ ਦੇ ਨਾਲ ਹੀ ਇਸ ਖੇਤੀ ਮਾਡਲ ਨੂੰ ਯੂਐੱਨ ਵੱਲੋਂ ਨਿਰਧਾਰਤ ਐੱਸਡੀਜੀ (ਟਿਕਾਊ ਵਿਕਾਸ ਟੀਚਿਆਂ) ਲਈ ਅਹਿਮ ਮੰਨਦਿਆਂ ਯੂਐੱਨ ਤੱਕ ਪਹੁੰਚ ਕੀਤੀ। ਯੂਐੱਨ ਨੇ ਡਾ. ਅਵਤਾਰ ਸਿੰਘ ਨੂੰ ਆਪਣੇ ਇਸ ਗੁਰਬਾਣੀ ਆਧਾਰਤ ਖੇਤੀ ਮਾਡਲ ਨੂੰ ਦੂਨੀਆ ਸਾਹਮਣੇ ਪੇਸ਼ ਕਰਨ ਦੀ ਪੇਸ਼ਕਸ਼ ਕੀਤੀ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਇਸ ਖੇਤੀ ਮਾਡਲ ਨੂੰ ਸਿੱਖਿਆ ਦੇ ਸਿਲੇਬਸ ਵਿੱਚ ਸ਼ਾਮਲ ਕਰਨ, ਕਿਸਾਨਾਂ ਵੱਲੋਂ ਵਰਤੇ ਜਾਣ ਵਾਲੇ ਬੀਜਾਂ ਦੇ ਪੈਕੇਟਾਂ ਉੱਪਰ ਤੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਵਿੱਚ ਬੈਨਰ-ਪੋਸਟਰ ਲਾਉਣ ਬਾਰੇ ਵੀ ਕਿਹਾ ਹੈ।



### ਜੈ ਜਵਾਨ, ਜੈ ਕਿਸਾਨ, ਜੈ ਵਿਗਿਆਨ ਤੇ ਜੈ-ਜੈ ਭਗਵਾਨ ਦਾ ਦਿੱਤਾ ਨਾਅਰਾ

ਇਸ ਚੈਟ ਦੌਰਾਨ ਜੈ ਜਵਾਨ, ਜੈ ਕਿਸਾਨ ਤੇ ਜੈ ਵਿਗਿਆਨ ਦੇ ਨਾਅਰੇ ਨੂੰ ਹੋਰ ਅੱਗੇ ਵਧਾਉਂਦਿਆਂ ਡਾ. ਅਵਤਾਰ ਸਿੰਘ ਨੇ ਇਸ ਦੇ ਨਾਲ ਜੈ ਭਗਵਾਨ ਵੀ ਜੋੜ ਦਿੱਤਾ, ਜਿਸ ਨੂੰ ਬਹੁਤ ਪਸੰਦ ਕੀਤਾ ਗਿਆ ਤੇ ਮਾਨਤਾ ਦਿੱਤੀ ਗਈ ਹੈ। ਡਾ. ਅਵਤਾਰ ਸਿੰਘ ਦਾ ਕਹਿਣਾ ਹੈ ਕਿ ਜੈ ਭਗਵਾਨ ਦਾ ਅਰਥ ਕਿਸਾਨਾਂ ਨੂੰ ਸਲਾਮ ਕਰਨਾ ਹੈ, ਜੋ ਭੋਜਨ ਪੈਦਾ ਕਰਨ ਲਈ ਰੀੜ੍ਹ ਦੀ ਹੱਡੀ ਸਮਝੀ ਜਾਂਦੀ ਭੂਮੀ, ਅਗਨੀ ਤੇ ਪਾਣੀ ਨਾਲ ਦਿਨ-ਰਾਤ ਵਾਬਸਤਾ ਹੁੰਦੇ ਰਹਿੰਦੇ ਹਨ। ਜੈ ਜਵਾਨ ਭਾਵ ਦੇਸ਼ ਦੇ ਫੌਜੀ ਵੀਰਾਂ ਨੂੰ ਸਲਾਮ ਕਿਉਂਕਿ ਉਹ ਵਾਯੂ ਤੇ ਗਗਨ ਭਾਵ ਦੇਸ਼ ਦੀ ਧਰਤੀ ਤੇ ਹਵਾ ਵਿੱਚ ਸੁਰੱਖਿਆ ਕਰਦੇ ਹਨ। ਜੈ ਵਿਗਿਆਨ ਭਾਵ ਵਿਗਿਆਨ ਨੂੰ ਸਲਾਮ ਕਿਉਂਕਿ ਇਸ ਰਾਹੀਂ ਅਗਨੀ (ਊਰਜਾ), ਨੀਰ (ਹਾਈਡ੍ਰੋਲੋਜੀ) ਤੇ ਆਧੁਨਿਕ ਉਪਕਰਨ ਤਿਆਰ ਕੀਤੇ ਜਾਂਦੇ ਹਨ। ਜੈ ਜੈ ਭਗਵਾਨ ਇਸ ਲਈ ਕਿ ਇਸ ਦੇ ਪਵਿੱਤਰ ਤੱਤ ਭੂਮੀ, ਗਗਨ, ਵਾਯੂ, ਅਗਨੀ ਤੇ ਨੀਰ ਦੂਨੀਆ ਦਾ ਆਧਾਰ ਹਨ।

### ਕੀ ਹੈ ਯੂਐੱਨ ਵੱਲੋਂ ਪ੍ਰਵਾਨ ਖੇਤੀ ਦਾ ਭਗਵਾਨ ਮਾਡਲ

ਡਾ. ਅਵਤਾਰ ਸਿੰਘ ਨੇ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਿਸ਼ਵ ਕਲਿਆਣ ਦੀ ਗੱਲ ਕੀਤੀ ਗਈ ਹੈ, ਇਸ ਵਿੱਚ ਮਨੁੱਖੀ ਜੀਵਨ ਦੀ ਹੋਂਦ ਦੇ ਨਾਲ ਹੀ ਕੁਦਰਤ ਦੀ ਹੋਂਦ ਬਚਾਉਣ ਦੀ ਸੇਧ ਵੀ ਪ੍ਰਦਾਨ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਭਗਵਾਨ ਸ਼ਬਦ ਨੂੰ ਪੰਜ ਭਾਗਾਂ ਵਿੱਚ ਵੰਡਿਆ ਗਿਆ ਹੈ, ਜਿਸ ਵਿੱਚ ਭੂ = ਭੂਮੀ (ਧਰਤੀ), ਗ = ਗਗਨ (ਅਕਾਸ਼, ਪੁਲਾੜ), ਵ = ਵਾਯੂ (ਹਵਾ), ਆ = ਅਗਨੀ (ਰੋਸ਼ਨੀ, ਊਰਜਾ), ਨ = ਨੀਰ (ਪਾਣੀ) ਸ਼ਾਮਲ ਹਨ। ਇਸ ਦਾ ਅਰਥ ਹੈ ਕਿ ਜਦੋਂ ਤੱਕ ਭਗਵਾਨ (ਭੂਮੀ, ਗਗਨ, ਵਾਯੂ, ਅਗਨੀ, ਨੀਰ) ਦਾ ਸੰਤੁਲਨ ਰਹੇਗਾ ਉਦੋਂ ਤੱਕ ਧਰਤੀ 'ਤੇ ਜੀਵਨ ਰਹੇਗਾ। ਇਨ੍ਹਾਂ ਤੱਤਾਂ ਤੋਂ ਬਗੈਰ ਧਰਤੀ 'ਤੇ ਜੀਵਨ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਡਾ. ਅਵਤਾਰ ਸਿੰਘ ਨੇ ਕਿਹਾ ਕਿ ਜੀਵਨ ਦੇ ਇਨ੍ਹਾਂ ਜੈਵਿਕ ਤੱਤਾਂ ਦਾ ਸਹੀ ਪ੍ਰਬੰਧਨ ਮਨੁੱਖਤਾ ਦੀਆਂ ਖੇਤੀ ਅਧਾਰਤ ਸਾਰੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੇ ਸਮਰੱਥ ਹੈ। ਇਹੀ ਧਾਰਨਾ ਉਨ੍ਹਾਂ ਦੇ ਮਾਡਲ ਦਾ ਆਧਾਰ ਹੈ। ਉਨ੍ਹਾਂ ਕਿਹਾ ਕਿ ਏਆਈ ਪਲੇਟਫਾਰਮ ਗਰੋਕ ਦੇ ਯੂਐੱਨ ਨੇ ਉਨ੍ਹਾਂ ਦੇ ਇਸ ਮਾਡਲ ਨੂੰ ਮਾਨਤਾ ਦਿੰਦਿਆਂ ਇਸ ਨੂੰ ਵਿਸ਼ਵ ਪੱਧਰ 'ਤੇ ਪਹੁੰਚਾਉਣ ਦਾ ਭਰੋਸਾ ਦਿੱਤਾ ਹੈ।

### 'ਗੁਰਬਾਣੀ ਸੇਧਤ ਖੇਤੀ ਦੀ ਗੱਲ, ਮਸਲੇ ਸਾਰੇ ਕਰੇਗੀ ਹੱਲ'

ਡਾ. ਅਵਤਾਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਨਾਅਰੇ 'ਗੁਰਬਾਣੀ ਸੇਧਤ ਖੇਤੀ ਦੀ ਗੱਲ, ਮਸਲੇ ਸਾਰੇ ਕਰੇਗੀ ਹੱਲ' ਨੂੰ ਯੂਐੱਨ ਵੱਲੋਂ ਸਵੀਕਾਰ ਕੀਤਾ ਗਿਆ ਹੈ। ਇਸੇ ਸਿਧਾਂਤ ਨੂੰ ਵਿਸ਼ਵ ਪੱਧਰ 'ਤੇ ਲੋਕਾਂ ਤੱਕ ਪਹੁੰਚਾਉਣ ਲਈ ਯੂਐੱਨ ਵੱਲੋਂ 2026 ਵਿੱਚ ਮਾਰਚ ਮਹੀਨੇ ਕਰਵਾਏ ਜਾ ਰਹੇ ਯੂਐੱਨ ਐੱਸਡੀਜੀ ਐਕਸ਼ਨ ਵੀਕ, ਅਪ੍ਰੈਲ ਵਿੱਚ ਐੱਫਏਓ ਖੇਤਰੀ ਕਾਨਫਰੰਸ (ਏਸ਼ੀਆ-ਪੈਸ਼ੇਫਿਕ) ਤੇ ਨਵੰਬਰ ਵਿੱਚ ਹੋਣ ਵਾਲੇ ਸੀਓਪੀ-31 ਸਾਈਡ ਈਵੈਂਟ ਵਿੱਚ ਪੇਸ਼ਕਾਰੀ ਦੇਣ ਦੀ ਪੇਸ਼ਕਸ਼ ਕੀਤੀ ਗਈ ਹੈ।

# ਜਿੰਨੀ ਫ਼ਸਲੀ ਸੇਵਾ, ਉਨਾ ਹੀ ਮਿਲੇਗਾ ਮੇਵਾ

ਪੁਰਾਤਨ ਸਮਿਆਂ ਵਿੱਚ ਬਜ਼ੁਰਗ ਖੇਤੀ ਦੇ ਵਾਧੇ ਲਈ ਗੋਡੀ ਨੂੰ ਨਸੀਹਤ ਦਿੰਦੇ ਸਨ। ਉਹ ਕਿਹਾ ਕਰਦੇ ਸਨ ਪੈਲੀ ਕੋਈ ਮਾੜੀ ਨਹੀਂ ਹੁੰਦੀ ਹੈ, ਸਿਰਫ਼ ਉਸਦੇ ਮਾਲਕ ਮਾੜੇ ਨਿਕੰਮੇ ਹੋ ਸਕਦੇ ਹਨ। ਜੇ ਖੇਤੀ ਕਰਨ ਵਾਲਾ ਆਲਸੀ




**ਜਗਜੀਤ ਸਿੰਘ ਝੱਤਰਾ,**
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028
ਮੋ: 7814490249


ਹੋਵੇਗਾ ਅਤੇ ਫ਼ਸਲ ਨੂੰ ਸਮੇਂ ਸਿਰ ਸੰਭਾਲ ਨਹੀਂ ਕਰੇਗਾ ਤਾਂ ਇਸ ਵਿੱਚ ਜ਼ਮੀਨ ਦਾ ਕੀ ਕਸੂਰ ਹੈ। ਜੇ ਪੈਲੀ ਵਿੱਚ ਬਹੁਤਾ ਗੰਦ ਹੋਵੇਗਾ ਤਾਂ ਧਰਤੀ ਕੀ ਕਰੇਗੀ ਅਤੇ ਪੁਰਾਣੇ ਸਮਿਆਂ ਵਿੱਚ ਦਵਾਈਆਂ ਬਗੈਰਾ ਨਹੀਂ ਹੁੰਦੀਆਂ ਸਨ। ਫ਼ਸਲਾਂ ਦੀ ਹੱਥ ਨਾਲ ਗੋਡੀ ਕਰਨੀ ਪੈਂਦੀ ਸੀ। ਮੈਂ ਆਪਣੇ ਹੱਥ ਨਾਲ ਕਣਕ ਤੇ ਮੱਕੀ ਦੀ ਗੁਡਾਈ ਕਰਦਾ ਰਿਹਾ ਹਾਂ ਅਤੇ ਫ਼ਸਲ ਵੀ ਵਧੇਰਾ ਝਾੜ ਦੇ ਜਾਂਦੀ ਸੀ। ਧਰਤੀ ਮਾਂ ਵਰਗਾ ਆਦਰ ਸਤਿਕਾਰ ਭਾਲਦੀ ਹੈ ਅਤੇ ਮੱਕੀ ਇੱਕ ਅਜਿਹੀ ਫ਼ਸਲ ਹੈ ਜਿਹੜੀ ਗੋਡੀ ਵਧੇਰੇ ਭਾਲਦੀ ਹੈ। ਗੋਡੀ ਦਾ ਮਤਲਬ ਫ਼ਸਲ ਦੇ ਬੂਟਿਆਂ ਦੁਆਲਿਆਂ ਰੰਬੇ ਨਾਲ ਪੋਲੇ ਕਰਨਾ ਹੁੰਦਾ ਹੈ ਅਤੇ ਜ਼ਮੀਨ ਫਰੋਲਣਾ ਹੁੰਦਾ ਹੈ। ਜੇ ਤੱਪੜ ਪੱਕੀ ਜ਼ਮੀਨ ਪੁਟਣਾ ਹੋਵੇ ਤਾਂ ਉਸਨੂੰ ਗੋਡੀ ਕਰਨਾ ਨਹੀਂ ਕਿਹਾ ਜਾਂਦਾ ਹੈ। ਫ਼ਸਲ ਵਿੱਚੋਂ ਬੇਲੋੜੇ ਕੁਦਰਤੀ ਉੱਗੀ ਬਨਸਪਤੀ ਨੂੰ ਗੁੱਡ ਕੇ ਬਾਹਰ ਸੁੱਟਣਾ ਪੈਂਦਾ ਹੈ। ਉਹ ਗੋਡੀ ਨਾਲ ਕੀਤਾ ਜਾਂਦਾ ਹੈ ਅਤੇ ਬਜ਼ੁਰਗ ਵਾਰ-ਵਾਰ ਕਹਿੰਦੇ ਸਨ ਜਿੰਨਾ ਗੁੜ ਪਾਉਗੇ, ਉਨਾਂ ਹੀ ਮਿੱਠਾ ਹੋਵੇਗਾ। ਉਹਨਾਂ ਦੀਆਂ ਕਹੀਆਂ ਦਲੀਲਾਂ, ਸਲਾਹਾਂ ਪੱਥਰ ਤੇ ਲਕੀਰ ਵਾਂਗ ਹੁੰਦੀਆਂ ਸਨ। ਉਹ ਆਖਦੇ ਸਨ ਜਿੰਨਾਂ ਫ਼ਸਲ ਨੂੰ ਅੱਗਾ ਤੱਗਾ ਲਿਆ ਜਾਵੇ ਉਹ ਆਮ ਨਾਲੋਂ ਵੱਧ ਝਾੜ ਦੇਵੇਗੀ। ਜੇ ਅਸੀਂ ਇੱਕ ਵਾਰ ਦਾਣੇ ਧਰਤੀ ਵਿੱਚ ਕੇਰ ਕੇ ਦੁਬਾਰਾ ਜਾਣਾ ਨਹੀਂ ਤਾਂ ਕੀ ਖੱਟਾਂਗੇ ? ਇਸ ਲਈ ਫ਼ਸਲ ਦੀ ਕੀਤੀ ਸੇਵਾ ਅਜ਼ਾਈ ਨਹੀਂ ਜਾਵੇਗੀ। ਉਹ ਸਾਨੂੰ ਚੰਗਾ ਮੇਵਾ ਪ੍ਰਦਾਨ ਕਰੇਗੀ।

ਗੀਤ

# ਰੁੱਖ ਮਨੁੱਖ..

**ਅਮਰੀਕ ਸਿੰਘ, ਤਲਵੰਡੀ ਕਲਾਂ (ਮੋ. 9463542896)**



ਰੁੱਖ ਮਨੁੱਖ ਦੀ ਸਾਂਝ ਅਨੋਖੀ,
ਰੁੱਖ ਮਨੁੱਖ ਦੀ ਸਾਂਝ ਅਨੋਖੀ,
ਸਦੀਆਂ ਤੋਂ ਲੈ ਕੇ ਮੌਤ ਦੇ ਤੱਕ,
ਕੈਸੀ ਇਨ੍ਹਾਂ ਪ੍ਰੀਤ ਨਿਭਾਈ।
ਬੱਚਾ ਜਦੋਂ ਵੀ ਜਨਮ ਹੈ ਲੈਂਦਾ,
ਮਾਂ ਉਸ ਨੂੰ ਦੁੱਧ ਚੁੰਘਾਵੇ,
ਆਪਣੇ ਕੋਲੋਂ ਆਕਸੀਜਨ ਦੇ,
ਰੁੱਖ ਬੱਚੇ ਨੂੰ ਸਾਹ ਦੁਆਵੇ।
ਬੱਚੜਾ ਜਦੋਂ ਘੂਕ ਹੈ ਸੌਂਦਾ,
ਨੰਨ੍ਹੀ ਜਿੰਦ ਮੰਜੀ 'ਤੇ ਪਾਈ,
ਜਨਮ ਤੋਂ ਲੈ ਕੇ ਮੌਤ ਦੇ ਤੱਕ... ।
ਉੱਠਦਾ ਬਹਿੰਦਾ ਡਿਗਦਾ ਢਹਿੰਦਾ,
ਰੁੜ੍ਹਕਾ ਬੱਚਾ ਜਦੋਂ ਖੜ੍ਹਦਾ,
ਨਿੱਕੇ-ਨਿੱਕੇ ਕਦਮਾਂ ਦੇ ਨਾਲ,
ਲੱਕੜੀ ਦਾ ਫੇਰ ਰੇੜ੍ਹਾ ਫੜਦਾ।
ਰੇੜ੍ਹੇ ਨੇ ਫਿਰ ਰਿੜ੍ਹਨ ਤੋਂ ਪਿੱਛੋਂ,
ਤੁਰਨੇ ਦੀ ਹੈ ਜਾਂਚ ਸਿਖਾਈ,
ਜਨਮ ਤੋਂ ਲੈ ਕੇ ਮੌਤ ਦੇ ਤੱਕ।
ਜਦੋਂ ਸਕੂਲੀ ਬੈਗ ਸੀ ਫੜਿਆ,
ਰਿਕਸ਼ੇ ਜਾਂ ਬੱਸ 'ਤੇ ਚੜ੍ਹਿਆ,
ਥਾਂ-ਥਾਂ ਰੁੱਖ ਸਹਾਈ ਹੋਇਆ,
ਜਦੋਂ ਵੀ ਕਿਸੇ ਸਕੂਲੇ ਪੜ੍ਹਿਆ।
ਲੱਕੜੀ ਦੇ ਬੈਠ ਬੈਂਚਾਂ 'ਤੇ,
ਸਕੂਲ ਦੀ ਸ਼ੁਰੂ ਸੀ ਕਰੀ ਪੜ੍ਹਾਈ,
ਜਨਮ ਤੋਂ ਲੈ ਕੇ ਮੌਤ ਦੇ ਤੱਕ।
ਖੇਡ ਦੀ ਲੈ ਕੇ ਰੀਝ ਜਦੋਂ,
ਖੇਡ ਮੈਦਾਨ ਦੇ ਵਿੱਚ ਸੀ ਆਇਆ,
ਹਾਕੀ ਬੱਲੇ ਵੀ ਰੁੱਖਾਂ ਦੇ ਸਨ,
ਖੇਡਣ ਦਾ ਜਦੋਂ ਸ਼ੌਂਕ ਪੁਗਾਇਆ।
ਉਹ ਵੀ ਫੱਟੇ ਰੁੱਖਾਂ ਦੇ ਸਨ,
ਗੋਲ ਦੀ ਜਿੱਥੋਂ ਆਵਾਜ਼ ਸੀ ਆਈ,
ਜਨਮ ਤੋਂ ਲੈ ਕੇ ਮੌਤ ਦੇ ਤੱਕ।
ਸਾਲਾਂ ਬੱਧੀ ਬੈਠ ਬੈਂਚਾਂ 'ਤੇ,
ਪੜ੍ਹ ਕੇ ਸੀ ਜਦੋਂ ਮੁਲਾਜ਼ਮ ਬਣਿਆ,
ਚਹੁੰ ਪਾਸੀਂ ਸੁੰਦਰ ਫਰਨੀਚਰ,
ਕੁਰਸੀ 'ਤੇ ਬਹਿ ਸੀਨਾ ਤਣਿਆ।
ਦਰਵਾਜ਼ੇ ਖਿੜਕੀ ਰੁੱਖਾਂ ਦੇ ਹਨ,
ਘਰ ਦੀ ਜਿਨ੍ਹਾਂ ਸ਼ਾਨ ਵਧਾਈ,
ਜਨਮ ਤੋਂ ਲੈ ਕੇ ਮੌਤ ਦੇ ਤੱਕ।
ਵਿਆਹ ਮੌਕੇ ਵੀ ਪਟੜੇ ਬੈਠਾ,
ਹੋਵਣ ਲੱਗੀ ਜਦੋਂ ਨਾਹੀ-ਧੋਈ,
ਬਟਣਾ ਤੇਲ ਤੇ ਇੱਤਰ-ਫੁਲੇਲ,
ਰੁੱਖਾਂ ਦੀ ਸੀ ਮਹਿਕ ਖੁਸ਼ਬੋਈ।
ਜਿੱਥੇ ਬਹਿ ਕੇ ਕਰੀ ਤਿਆਰੀ,
ਹੋਊ ਕੁਰਸੀ ਜਾਂ ਚਾਰਪਾਈ,
ਜਨਮ ਤੋਂ ਲੈ ਕੇ ਮੌਤ ਦੇ ਤੱਕ।
ਮਿਲਣੀ ਦੇ ਜਦ ਗੀਤ ਸੀ ਗਾਏ।
ਮੁੱਖ ਰਸਮ ਦੇ ਮੌਕੇ ਆਏ,
ਅਨੰਦ ਕਾਰਜ ਜਾਂ ਹੋਏ ਸੀ ਫੇਰੇ,
ਸਭ ਥਾਂ ਰੁੱਖਾਂ ਸਾਥ ਨਿਭਾਏ।
ਰੰਗਲੇ ਪੀੜ੍ਹੇ ਜੋੜੀ ਸੀ ਬੈਠੀ,
ਮਹਿਮਾਨ ਜਾਂਦੇ ਸੀ ਸ਼ਗਨ ਪਾਈ,
ਜਨਮ ਤੋਂ ਲੈ ਕੇ ਮੌਤ ਦੇ ਤੱਕ,
ਏਸੇ ਤਰ੍ਹਾਂ ਹੀ ਰੁੱਖ ਵਿਚਾਰੇ,
ਜ਼ਿੰਦਗੀ ਭਰ ਸਾਥ ਨੇ ਦਿੰਦੇ,
ਐਨੇ ਮਨੁੱਖ ਦੇ ਕੰਮ ਨੇ ਆਉਂਦੇ,
ਇਨਸਾਨਾਂ ਤੋਂ ਕੀ ਨੇ ਲੈਂਦੇ।
ਉਹ ਵੀ ਲੱਕੜੀ ਦੀ ਹੈ ਹੁੰਦੀ,
ਬੁਢਾਪੇ ਨੇ ਜੋ ਖੂੰਡੀ ਫੜਾਈ,
ਜਨਮ ਤੋਂ ਲੈ ਕੇ ਮੌਤ ਦੇ ਤੱਕ।
ਜਨਮ ਤੋਂ ਲੈ ਕੇ ਮੌਤ ਦੇ ਤੱਕ,
'ਤਲਵੰਡੀ' ਕਿਹੜਾ ਨਾਲ ਹੈ ਖੜ੍ਹਦਾ,
ਸਿਵਿਆਂ ਵਿੱਚ ਸੜਨ ਦੇ ਸਮੇਂ,
'ਅਮਰੀਕ' ਕੌਣ ਨਾਲ ਹੈ ਸੜਦਾ।
ਪੈਰ-ਪੈਰ 'ਤੇ ਕੰਮ ਰੁੱਖ ਆਏ,
ਬੰਦਿਆਂ ਭੋਰਾ ਕਦਰ ਨਾ ਪਾਈ,
ਜਨਮ ਤੋਂ ਲੈ ਕੇ ਮੌਤ ਦੇ ਤੱਕ।

# ਪ੍ਰਵਾਸੀ ਕਾਮੇ

# ਸਹੂਲਤਾਂ ਅਤੇ ਸਮੱਸਿਆਵਾਂ



ਡਾ. ਰਣਜੀਤ ਸਿੰਘ

ਸ਼ੁਰੂ ਵਿੱਚ ਜਦੋਂ ਪ੍ਰਵਾਸੀ ਮਜ਼ਦੂਰ ਆਏ ਤਾਂ ਉਹ ਕੇਵਲ ਹੁਨਰ ਰਹਿਤ ਮਜ਼ਦੂਰ ਸਨ । ਮਜ਼ਦੂਰਾਂ ਦੀ ਮੰਗ ਵਧੇਰੇ ਸੀ । ਇਸ ਕਰਕੇ ਸਥਾਨਕ ਮਜ਼ਦੂਰਾਂ ਉੱਤੇ ਕੋਈ ਬਹੁਤ ਅਸਰ ਨਹੀਂ ਪਿਆ, ਪਰ ਹੌਲੀ-ਹੌਲੀ ਇਨ੍ਹਾਂ ਵਿੱਚੋਂ ਕੁੱਝ ਮਜ਼ਦੂਰਾਂ ਨੇ ਹੁਨਰ ਸਿੱਖ ਲਏ ਅਤੇ ਚੰਗੇ ਪੈਸੇ ਬਣਾਉਣ ਦੇ ਲਾਲਚ ਵਿੱਚ ਬਹੁਤ ਸਾਰੇ ਹੁਨਰਮੰਦ ਮਜ਼ਦੂਰ ਅਤੇ ਕਾਰੀਗਰ ਵੀ ਪੰਜਾਬ ਆ ਗਏ ਹਨ । ਕਾਰਖ਼ਾਨਿਆਂ ਵਿੱਚ ਵੀ ਉਹ ਹੁਣ ਹੁਨਰਮੰਦ ਕਾਮੇ ਬਣ ਗਏ ਹਨ । ਕਈ ਤਾਂ ਸੁਪਰਵਾਈਜ਼ਰ ਵੀ ਹਨ । ਜਿਸ ਨਾਲ ਸਥਾਨਕ ਹੁਨਰਮੰਦ ਕਾਮਿਆਂ ਦੀ ਬੇਰੁਜ਼ਗਾਰੀ ਵਿੱਚ ਵਾਧਾ ਹੋਇਆ ਹੈ । ਇਹ ਸਸਤੇ ਭਾਅ ਕੰਮ ਕਰਨ ਨੂੰ ਰਾਜੀ ਹੋ ਜਾਂਦੇ ਹਨ ਅਤੇ ਸਥਾਨਕ ਲੋਕਾਂ ਨਾਲ ਮੁਕਾਬਲਾ ਕਰਦੇ ਹਨ ।

ਪਿਛਲੇ ਦਿਨੀਂ ਹੁਸ਼ਿਆਰਪੁਰ ਨੇੜੇ ਹੋਈ ਬਹੁਤ ਹੀ ਦੁਖਦਾਈ ਘਟਨਾ ਨੇ ਸਾਰਿਆਂ ਦੇ ਹਿਰਦਿਆਂ ਨੂੰ ਵਲੂੰਧਰ ਕੇ ਰੱਖ ਦਿੱਤਾ । ਇਸ ਘਟਨਾ ਨੂੰ ਕਰਨ ਵਾਲਾ ਦੂਜੇ ਸੂਬੇ ਤੋਂ ਆਇਆ ਇੱਕ ਕਾਮਾ ਸੀ । ਲੋਕਾਂ ਵਿੱਚ ਗੁੱਸਾ ਭਰਨਾ ਸੁਭਾਵਿਕ ਹੀ ਸੀ । ਇਸ ਘਟਨਾ ਵਿਰੁੱਧ ਥਾਂ-ਥਾਂ ਵਿਖਾਏ ਕੀਤੇ ਗਏ । ਕਈ ਪਿੰਡਾਂ ਦੀਆਂ ਪੰਚਾਇਤਾਂ ਨੇ ਪ੍ਰਵਾਸੀ ਕਾਮਿਆਂ ਵਿਰੁੱਧ ਮੱਤੇ ਪਾਸ ਕੀਤੇ । ਪੰਜਾਬੀਆਂ ਵਿੱਚ ਹੀ ਇੱਕ ਬਹਿਸ ਸ਼ੁਰੂ ਹੋ ਗਈ । ਕੁੱਝ ਚਿਰ ਪਿੱਛੋਂ ਲੋਕਾਂ ਦਾ ਗੁੱਸਾ ਠੰਡਾ ਹੋ ਜਾਵੇਗਾ ਤੇ ਗੱਲ ਆਈ ਗਈ ਹੋ ਜਾਵੇਗੀ । ਲੋੜ ਆਪੋ ਵਿੱਚ ਬਹਿਸ ਕਰਨ ਦੀ ਨਹੀਂ ਹੈ ਸਗੋਂ ਇਸ ਸਮੱਸਿਆ ਦੇ ਹੱਲ ਬਾਰੇ ਕਿਸੇ ਠੋਸ ਵਿਚਾਰ ਵਟਾਂਦਰੇ ਦੀ ਹੈ ਤਾਂ ਜੋ ਕੋਈ ਠੀਕ ਹੱਲ ਲੱਭਿਆ ਜਾ ਸਕੇ ।

ਪੰਜਾਬ ਵਿੱਚ ਹਰੇ ਇਨਕਲਾਬ ਦੇ ਆਉਣ ਨਾਲ ਖੇਤੀ ਮਜ਼ਦੂਰਾਂ ਦੀ ਵਧੇਰੇ ਲੋੜ ਪਈ, ਵਿਸ਼ੇਸ਼ ਕਰਕੇ ਝੋਨੇ ਦੀ ਫ਼ਸਲ ਦੀ ਲੁਆਈ ਤਾਂ ਮਜ਼ਦੂਰਾਂ ਦੀ ਸਹਾਇਤਾ ਬਗੈਰ ਹੋਣੀ ਮੁਸ਼ਕਿਲ ਹੀ ਹੋ ਗਈ । ਝੋਨਾ ਪੰਜਾਬ ਦੀ ਰਵਾਇਤੀ ਫ਼ਸਲ ਨਹੀਂ ਹੈ, ਪਰ ਵੱਧ ਝਾੜ ਦੇਣ ਵਾਲੀਆਂ ਮੱਧਰੇ ਕੱਦ ਦੀਆਂ ਨਵੀਆਂ ਕਿਸਮਾਂ ਆਉਣ ਨਾਲ ਅਤੇ ਬਿਜਲੀ ਨਾਲ ਚੱਲਣ ਵਾਲੇ ਟਿਊਬਵੈਲਾਂ ਦੀ ਗਿਣਤੀ ਵਿੱਚ ਵਾਧੇ ਨਾਲ ਝੋਨਾ ਸਾਉਣੀ ਦੀ ਮੁੱਖ ਫ਼ਸਲ ਬਣ ਗਿਆ ਹੈ । ਪੰਜਾਬੀ ਕਿਸਾਨ ਨੂੰ ਇਸ ਫ਼ਸਲ ਦੀ ਕਾਸ਼ਤ ਦੀ ਆਦਤ ਨਹੀਂ ਸੀ । ਵਿਸ਼ੇਸ਼ ਕਰਕੇ ਝੋਨੇ ਦੀ ਲੁਆਈ ਔਖਾ ਕੰਮ ਹੈ । ਜੂਨ ਦੀ ਗਰਮੀ ਵਿੱਚ ਪਾਣੀ ਖੜ੍ਹੇ ਖੇਤਾਂ ਵਿੱਚ ਝੋਨੇ ਦੀ ਪਨੀਰੀ ਲਗਾਈ ਜਾਂਦੀ ਹੈ । ਉਸ ਦੇ ਲਈ ਕੁਝ ਕਿਸਾਨਾਂ ਨੇ ਪੂਰਬੀ ਉੱਤਰ ਪ੍ਰਦੇਸ਼ ਵਿੱਚੋਂ ਕਾਮਿਆਂ ਦਾ ਪ੍ਰਬੰਧ ਕੀਤਾ । ਇਸੇ ਕਰਕੇ ਇਨ੍ਹਾਂ ਪ੍ਰਵਾਸੀ ਮਜ਼ਦੂਰਾਂ ਨੂੰ ਪੂਰਬੀਏ ਵੀ ਆਖਿਆ ਜਾਂਦਾ ਹੈ । ਪੰਜਾਬ ਵਿੱਚ ਮਜ਼ਦੂਰੀ ਵੀ ਵਧੇਰੇ ਸੀ ਅਤੇ ਧੱਕਾਸ਼ਾਹੀ ਬਹੁਤ ਘੱਟ ਹੋਣ ਕਰ ਕੇ ਗਰੀਬੀ ਅਤੇ ਉਤਲੀਆਂ ਜਾਤਾਂ ਦੇ ਸਤਾਏ ਹੋਏ ਪੰਜਾਬ ਵਿੱਚ ਆਉਣ ਵਾਲੇ ਮਜ਼ਦੂਰਾਂ ਦੀ ਗਿਣਤੀ ਵਿੱਚ ਹਰ ਸਾਲ ਵਾਧਾ ਹੋ ਰਿਹਾ ਹੈ । ਕੁੱਝ ਮਜ਼ਦੂਰ ਰਾਜਸਥਾਨ ਵਿੱਚੋਂ ਵੀ ਹਨ ਪਰ ਉਹ ਵਧੇਰੇ ਕਰਕੇ ਸੜਕਾਂ ਜਾਂ ਉਸਾਰੀ ਦਾ ਕੰਮ ਕਰਦੇ ਹਨ । ਕਣਕ ਹੇਠ ਰਕਬੇ ਵਿੱਚ ਹੋਏ ਵਾਧੇ ਕਾਰਨ ਕਣਕ ਦੀ ਵਾਢੀ ਵੇਲੇ ਵੀ ਇਨ੍ਹਾਂ ਦੀ ਲੋੜ ਪੈਂਦੀ ਸੀ । ਪਹਿਲੇ-ਪਹਿਲ ਇਹ ਫ਼ਸਲ-ਮੌਸਮ ਵਿੱਚ ਹੀ ਆਉਂਦੇ ਸਨ ਅਤੇ ਕੁੱਝ ਪੈਸੇ ਕਮਾ ਕੇ ਵਾਪਸ ਵਤਨ ਪਰਤ ਜਾਂਦੇ ਸਨ । ਪਰ ਹੌਲੀ-ਹੌਲੀ ਸਾਡੇ ਕਿਸਾਨਾਂ ਦੀ ਨਿਰਭਰਤਾ ਇਨ੍ਹਾਂ ਮਜ਼ਦੂਰਾਂ ਉੱਤੇ ਵੱਧਣੀ ਸ਼ੁਰੂ ਹੋ ਗਈ ਅਤੇ ਉਨ੍ਹਾਂ ਨੇ ਇੱਕ ਜਾਂ ਦੋ ਕਾਮੇ ਪੱਕੇ ਤੌਰ ਉੱਤੇ ਆਪਣੇ ਫ਼ਾਰਮਾਂ ਉੱਤੇ ਰੱਖ ਲਏ । ਇਹ ਕਾਮੇ ਗਰੀਬ ਘਰਾਂ, ਪਛੜੀਆਂ ਜਾਂ ਅਨੁਸੂਚਿਤ ਜਾਤੀਆਂ ਵਿੱਚੋਂ ਚੜ੍ਹਦੀ ਜਵਾਨੀ ਵਿੱਚ ਵਧੇਰੇ ਪੈਸੇ ਕਮਾਉਣ ਦੇ ਲਾਲਚ ਵਿੱਚ ਪੰਜਾਬ ਰਹਿਣ ਲੱਗ ਪਏ । ਪੰਜਾਬ ਵਿੱਚ ਪੈਸੇ ਵੀ ਵਧੇਰੇ ਮਿਲਦੇ ਹਨ, ਠਾਕੁਰਾਂ ਦੀ ਧੱਕੇਸ਼ਾਹੀ ਵੀ ਨਹੀਂ ਹੁੰਦੀ ਅਤੇ ਰੱਜ ਕੇ ਖਾਣ ਨੂੰ ਰੋਟੀ ਵੀ ਮਿਲਦੀ ਹੈ । ਪੰਜਾਬ ਵਿੱਚ ਸਤਰਵਿਆਂ ਪਿੱਛੋਂ ਖੇਤੀ ਮਜ਼ਦੂਰਾਂ ਦੀ ਗਿਣਤੀ ਹਰ ਸਾਲ ਕੋਈ 33 ਪ੍ਰਤੀਸ਼ਤ ਵੱਧ ਰਹੀ ਹੈ । ਪਿਛਲੇ ਸਾਲ ਤੀਕ ਕੇਵਲ ਖੇਤੀ ਮਜ਼ਦੂਰਾਂ ਦੀ ਹੀ ਗਿਣਤੀ ਕੋਈ 25 ਲੱਖ ਸੀ । ਖੇਤੀ ਪਿੱਛੋਂ ਇਹ ਰੁਝਾਨ ਸਨਅੱਤ ਅਤੇ ਸ਼ਹਿਰਾਂ ਵੱਲ ਹੋ ਗਿਆ । ਹੁਣ ਸ਼ਹਿਰਾਂ ਵਿੱਚ ਲਗਭਗ ਸਾਰੇ ਕਾਮੇ ਹੀ ਪ੍ਰਵਾਸੀ ਮਜ਼ਦੂਰ ਹਨ । ਪਿਛਲੇ ਪੰਜ ਦਹਾਕਿਆਂ ਤੋਂ ਚੱਲ ਰਹੇ ਇਸ ਸਿਲਸਿਲੇ ਵਿੱਚ ਹਰ ਸਾਲ ਵਾਧਾ ਹੋ ਰਿਹਾ ਹੈ । ਇਨ੍ਹਾਂ ਦੀ ਗਿਣਤੀ ਸ਼ਹਿਰਾਂ ਵਿੱਚ ਪਿੰਡਾਂ ਨਾਲੋਂ ਵੀ ਵੱਧ ਹੈ । ਜਿੱਥੇ ਇਹ ਹਰ ਤਰ੍ਹਾਂ ਦਾ ਧੰਦਾ ਕਰ ਰਹੇ ਹਨ ।



ਆਪਣੇ ਪੈਰ ਪੱਕੇ ਹੋਣ ਪਿੱਛੋਂ ਇਨ੍ਹਾਂ ਆਪਣੇ ਟੱਬਰ ਨਾਲ ਲਿਆਉਣੇ ਸ਼ੁਰੂ ਕਰ ਦਿੱਤੇ । ਸ਼ਹਿਰਾਂ ਵਿੱਚ ਇਨ੍ਹਾਂ ਦੀਆਂ ਔਰਤਾਂ ਘਰਾਂ ਵਿੱਚ ਕੰਮ ਕਰ ਕੇ ਮਰਦਾਂ ਵਾਂਗ ਹੀ ਕਮਾਈ ਕਰਨ ਲੱਗ ਪਈਆਂ ਹਨ । ਜਿਹੜੇ ਬੱਚੇ ਪੰਜਾਬ ਵਿੱਚ ਜਨਮੇ ਅਤੇ ਇੱਥੇ ਹੀ ਵੱਡੇ ਹੋਏ ਉਨ੍ਹਾਂ ਨੂੰ ਆਪਣੇ ਵਤਨ ਦੀ ਬਹੁਤੀ ਖਿੱਚ ਨਹੀਂ ਹੈ । ਜੇ ਉਹ ਵਤਨ ਜਾਂਦੇ ਹਨ ਤਾਂ ਉੱਥੋਂ ਦੀ ਗਰੀਬੀ ਤੋਂ ਡਰ ਮੁੜ ਪੰਜਾਬ ਆ ਜਾਂਦੇ ਹਨ । ਹੁਣ ਤਾਂ ਇਨ੍ਹਾਂ ਲੋਕਾਂ ਨੇ ਛੋਟੇ ਮੋਟੇ ਧੰਦੇ ਵੀ ਸ਼ੁਰੂ ਕਰ ਲਏ ਹਨ ਅਤੇ ਇੱਥੇ ਹੀ ਵਸੇਬਾ ਕਰਨ ਦਾ ਮਨ ਬਣਾ ਲਿਆ ਹੈ । ਪ੍ਰਵਾਸੀ ਮਜ਼ਦੂਰਾਂ ਨੇ ਜਿੱਥੇ ਮਜ਼ਦੂਰਾਂ ਦੀ ਘਾਟ ਨੂੰ ਪੂਰਾ ਕੀਤਾ ਹੈ ਉੱਥੇ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਵੀ ਜਨਮ ਦਿੱਤਾ ਹੈ । ਵੱਧੀ ਗਿਣਤੀ ਨੇ ਇਨ੍ਹਾਂ ਵਿੱਚ ਰਾਜਸੀ ਚੇਤਨਾ ਵੀ ਉਜਾਗਰ ਕਰਨੀ ਸ਼ੁਰੂ ਕਰ ਦਿੱਤੀ ਹੈ । ਹੁਣ ਇਹ ਆਪਣੇ ਹੱਕ ਲਈ ਬਹਿਸ ਕਰਦੇ ਹਨ, ਕੰਮ ਤੋਂ ਨਾਂਹ ਵੀ ਕਰਦੇ ਹਨ, ਦਲੇਰੀ ਦਾ ਦਿਖਾਵਾ ਕਰਦੇ ਹਨ ਅਤੇ ਚੋਣਾਂ ਵਿੱਚ ਆਪਣੇ ਉਮੀਦਵਾਰ ਖੜ੍ਹੇ ਕਰਨ ਦੀ ਧਮਕੀ ਦਿੰਦੇ ਹਨ । ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬ ਵਿੱਚ ਮਜ਼ਦੂਰਾਂ ਦੀ ਲੋੜ ਹੈ ਪਰ ਬਿਨ੍ਹਾਂ ਕਿਸੇ ਰੋਕ ਟੋਕ ਤੋਂ ਭਾਰੀ ਗਿਣਤੀ ਵਿੱਚ ਇਨ੍ਹਾਂ ਦੇ ਆਉਣ ਨਾਲ ਸਮੱਸਿਆਵਾਂ ਵਧੇਰੇ ਸਾਹਮਣੇ ਆ ਰਹੀਆਂ ਹਨ । ਪੰਜਾਬ ਦੀ ਖੁਸ਼ਹਾਲੀ ਵੇਖ ਕੇ ਇਨ੍ਹਾਂ ਸੂਬਿਆਂ ਵਿੱਚ ਕਈ ਭੈੜੇ ਚਰਿੱਤਰ ਵਾਲੇ ਲੋਕ ਵੀ ਪੰਜਾਬ ਆਉਣ ਲੱਗ ਪਏ ਹਨ ਜਿਨ੍ਹਾਂ ਦੀਆਂ ਗਲਤ ਹਰਕਤਾਂ ਦਾ ਪੰਜਾਬ ਦੇ ਸ਼ਾਂਤ ਮਾਹੌਲ ਉੱਤੇ ਭੈੜਾ ਅਸਰ ਪੈਂਦਾ ਹੈ ।

ਪ੍ਰਵਾਸੀ ਮਜ਼ਦੂਰ ਆਪਣੇ ਨਾਲ ਨਸ਼ਿਆਂ ਦੀ ਵਰਤੋਂ ਲੈ ਕੇ ਆਏ ਹਨ । ਤੰਬਾਕੂ ਪੀਣਾ ਅਤੇ ਖਾਣਾ ਇਨ੍ਹਾਂ ਵਿੱਚੋਂ ਬਹੁਤਿਆਂ ਦੀ ਆਦਤ ਹੈ । ਤੰਬਾਕੂ, ਜਰਦਾ ਅਤੇ ਪਾਨ ਮਸਾਲਾ ਹਰ ਵੇਲੇ ਫ਼ਕਦੇ ਰਹਿਣਾ ਇਨ੍ਹਾਂ ਦਾ ਆਮ ਜਿਹਾ ਕੰਮ ਹੈ । ਸਾਡੇ ਲੋਕੀਂ ਵੀ, ਖ਼ਾਸ ਕਰ ਕੇ ਕਿਸਾਨ ਜਦੋਂ ਖੇਤ ਮਜ਼ਦੂਰਾਂ ਤੋਂ ਵੱਧ ਕੰਮ ਲੈਣਾ ਹੋਵੇ ਤਾਂ ਉਨ੍ਹਾਂ ਨੂੰ ਨਸ਼ੇ ਖਾਣ ਲਈ ਉਤਸ਼ਾਹਿਤ ਕਰਦੇ ਹਨ । ਕਣਕ ਦੀ ਕਟਾਈ, ਗਹਾਈ ਅਤੇ ਝੋਨੇ ਦੀ ਲੁਆਈ ਦੌਰਾਨ ਨਸ਼ਿਆਂ ਦੀ ਵਰਤੋਂ ਆਮ ਕੀਤੀ ਜਾਂਦੀ ਹੈ । ਇਹ ਵੀ ਵੇਖਣ ਵਿੱਚ ਆਇਆ ਹੈ ਕਿ ਇਨ੍ਹਾਂ ਨੂੰ ਅਫ਼ੀਮ ਵੀ ਖੁਆਈ ਜਾਂਦੀ ਹੈ । ਖੇਤ ਮਜ਼ਦੂਰ ਜਦੋਂ ਨਸ਼ਾ ਕਰਦੇ ਹਨ ਜਾਂ ਇਨ੍ਹਾਂ ਨੂੰ ਨਸ਼ਾ ਕਰਵਾਇਆ ਜਾਂਦਾ ਹੈ, ਤਾਂ ਸਥਾਨਿਕ ਕਾਮੇ ਅਤੇ ਕਿਸਾਨ ਆਪ ਵੀ ਇਸ ਦੀ ਲਪੇਟ ਵਿੱਚ ਆ ਜਾਂਦੇ ਹਨ । ਨੌਜਵਾਨਾਂ ਉੱਤੇ ਇਸ ਦਾ ਪ੍ਰਭਾਵ ਵਧੇਰੇ ਹੁੰਦਾ ਹੈ । ਇਹ ਵੇਖਣ ਵਿੱਚ ਆਇਆ ਹੈ ਕਿ ਪੇਂਡੂ ਨੌਜਵਾਨਾਂ ਵਿੱਚ ਨਸ਼ਿਆਂ ਦੀ ਵਰਤੋਂ ਵੱਧ ਰਹੀ ਹੈ । ਸ਼ਰਾਬ ਤੋਂ ਬਿਨਾਂ ਦੂਜੇ ਨਸ਼ੇ ਕਰਨ ਲੱਗ ਪਏ ਹਨ । ਇੱਕ ਸਰਵੇਖਣ ਅਨੁਸਾਰ ਪੰਜਾਬ ਦੇ ਪਿੰਡਾਂ ਵਿੱਚ ਅੱਧੀ ਮਰਦਾਵੀਂ ਵਸੋਂ ਨਸ਼ਿਆਂ ਦੀ ਲਪੇਟ ਵਿੱਚ ਆ ਗਈ ਹੈ । ਸ਼ਹਿਰਾਂ ਵਿੱਚ ਬੱਚੇ ਵੀ ਇਸ ਤੋਂ ਪ੍ਰਭਾਵਿਤ ਹੋਏ ਹਨ । ਸਕੂਲਾਂ ਦੇ ਨੇੜੇ ਇਨ੍ਹਾਂ ਪ੍ਰਵਾਸੀਆਂ ਨੇ ਪਾਨ, ਸਿਗਰਟ, ਪਾਨ ਮਸਾਲੇ ਆਦਿ ਦੇ ਖੋਖੇ ਜਾਂ ਰੇਹੜੀਆਂ ਖੜ੍ਹੀਆਂ ਕਰ ਲਈਆਂ ਹਨ ।

ਬਹੁਤੇ ਮਜ਼ਦੂਰ ਗਰੀਬੀ ਦੇ ਮਾਰੇ ਪੰਜਾਬ ਆਉਂਦੇ ਹਨ । ਇਨ੍ਹਾਂ ਵਿੱਚੋਂ ਕਈਆਂ ਨੂੰ ਤਪਦਿਕ ਤੇ ਹੋਰ ਛੂਤ ਦੀਆਂ ਬਿਮਾਰੀਆਂ ਹੁੰਦੀਆਂ ਹਨ । ਇਨ੍ਹਾਂ ਦੀਆਂ ਔਰਤਾਂ ਜਦੋਂ ਘਰਾਂ ਵਿੱਚ ਬਰਤਨ ਸਾਫ਼ ਕਰਦੀਆਂ ਹਨ ਜਾਂ ਰਸੋਈ ਵਿੱਚ ਕੰਮ ਕਰਦੀਆਂ ਹਨ ਤਾਂ ਉਹ ਇਨ੍ਹਾਂ ਬਿਮਾਰੀਆਂ ਦੇ ਕੀਟਾਣੂ ਬਰਤਨ ਅਤੇ ਭੋਜਨ ਵਿੱਚ ਛੱਡ ਦਿੰਦੀਆਂ ਹਨ । ਇਸੇ ਤਰ੍ਹਾਂ ਜਿਹੜੇ ਬੱਚੇ ਢਾਬਿਆਂ, ਚਾਹ ਦੀਆਂ ਦੁਕਾਨਾਂ ਜਾਂ ਘਰਾਂ ਵਿੱਚ ਕੰਮ ਕਰਦੇ ਹਨ ਉਹ ਬਿਮਾਰੀਆਂ ਦੇ ਜਰਮ ਦੂਜਿਆਂ ਤੀਕ ਪਹੁੰਚਾ ਦਿੰਦੇ ਹਨ । ਇੰਝ ਪੰਜਾਬ ਵਿੱਚ ਇਹ ਬਿਮਾਰੀਆਂ ਫੈਲ ਰਹੀਆਂ ਹਨ । ਮਜ਼ਦੂਰਾਂ ਦੀ ਬਹੁਗਿਣਤੀ ਰੋਜ਼ੀ-ਰੋਟੀ ਦੀ ਭਾਲ ਵਿੱਚ ਪੰਜਾਬ ਆਉਂਦੀ ਹੈ ਅਤੇ ਮਿਹਨਤ ਕਰ ਕੇ ਆਪਣੀ ਰੋਟੀ ਕਮਾਉਂਦੀ ਹੈ, ਪਰ ਪੰਜਾਬ ਦੀ ਖੁਸ਼ਹਾਲੀ ਨੇ ਜਰਾਇਮ ਪੇਸ਼ਾ ਲੋਕਾਂ ਨੂੰ ਵੀ ਆਪਣੇ ਵੱਲ ਖਿੱਚਿਆ ਹੈ । ਚੋਰੀਆਂ ਦੀਆਂ ਵਾਰਦਾਤਾਂ, ਬੱਚਿਆਂ ਨੂੰ ਚੁਕਣਾ ਅਤੇ ਕਾਲੇ ਕੱਛਿਆਂ ਵਾਲੇ ਟੋਲੇ ਦੀਆਂ ਕਾਰਵਾਈਆਂ ਇਨ੍ਹਾਂ ਲੋਕਾਂ ਵੱਲੋਂ ਹੀ ਹੋ ਰਹੀਆਂ ਹਨ । ਪੰਜਾਬ ਵਿੱਚ ਪਹਿਲਾਂ ਆਪਸੀ ਲੜਾਈ ਝਗੜੇ ਹੀ ਹੁੰਦੇ ਸਨ, ਅਜਿਹੀਆਂ ਵਾਰਦਾਤਾਂ ਬਹੁਤ ਘੱਟ ਸਨ । ਪਰ ਪਿਛਲੇ ਕੁੱਝ ਸਾਲਾਂ ਤੋਂ ਇਨ੍ਹਾਂ ਵਿੱਚ ਵਾਧਾ ਹੋਇਆ ਹੈ । ਪੁਲਿਸ ਵੱਲੋਂ ਕੀਤੀ ਜਾਂਚ ਰਾਹੀਂ ਇਹ ਸਿੱਧ ਵੀ ਹੋ ਗਿਆ ਹੈ ਕਿ ਇਨ੍ਹਾਂ ਨੂੰ ਕਰਨ ਵਾਲਿਆਂ ਵਿੱਚ ਪ੍ਰਵਾਸੀਆਂ ਦਾ ਹੱਥ ਹੈ ।

ਕਿਸਾਨਾਂ ਨੇ ਪ੍ਰਵਾਸੀ ਮਜ਼ਦੂਰਾਂ ਨੂੰ ਖੇਤੀ ਵਿੱਚ ਆਪਣੀ ਸਹਾਇਤਾ ਲਈ ਬੁਲਾਇਆ ਸੀ, ਕਿਉਂਕਿ ਸਿੰਚਾਈ ਸਹੂਲਤਾਂ ਵਿੱਚ ਵਾਧੇ ਅਤੇ ਵੱਧ ਝਾੜ ਵਾਲੀਆਂ ਕਿਸਮਾਂ ਦੇ ਆਉਣ ਨਾਲ ਖੇਤੀ ਕਾਮਿਆਂ ਦੀ ਲੋੜ ਵਿੱਚ ਚੋਖਾ ਵਾਧਾ ਹੋਇਆ ਹੈ । ਪਰ ਹੌਲੀ-ਹੌਲੀ ਪੰਜਾਬ ਦੇ ਕਿਸਾਨ ਦੀ ਨਿਰਭਰਤਾ ਇਨ੍ਹਾਂ ਮਜ਼ਦੂਰਾਂ ਉੱਤੇ ਵੱਧਣੀ ਸ਼ੁਰੂ ਹੋ ਗਈ । ਹੁਣ ਪੰਜਾਬ ਵਿੱਚ ਸ਼ਾਇਦ ਹੀ ਕੋਈ ਅਜਿਹਾ ਕਿਸਾਨ ਹੋਵੇਗਾ ਜਿਸ ਕੋਲ ਇੱਕ ਜਾਂ ਦੋ ਪੱਕੇ ਕਾਮੇ ਨਹੀਂ ਹੋਣਗੇ । ਬਹੁਤ ਵੇਰ ਕਿਸਾਨ ਇਨ੍ਹਾਂ ਮਜ਼ਦੂਰਾਂ ਉੱਤੇ ਹੀ ਖੇਤੀ ਦਾ ਕੰਮ ਛੱਡ ਦਿੰਦੇ ਹਨ । ਇੱਥੋਂ ਤੀਕ ਕਿ ਟਰੈਕਟਰ ਵੀ ਇਹ ਹੀ ਚਲਾਉਣ ਲੱਗ ਪਏ ਹਨ । ਇਨ੍ਹਾਂ ਮਜ਼ਦੂਰਾਂ ਨੂੰ ਖੇਤੀ ਕੰਮਾਂ ਦੀ ਪੂਰੀ ਸੂਝ ਨਹੀਂ ਹੁੰਦੀ ਅਤੇ ਨਾ ਹੀ ਮਾਲਿਕ ਜਿਤਨਾ ਦਰਦ ਹੁੰਦਾ ਹੁੰਦਾ ਹੈ, ਇਸ ਕਰਕੇ ਉਹ ਕਈ ਵੇਰ ਲਾਪ੍ਰਵਾਹੀ ਕਰ ਦਿੰਦੇ ਹਨ । ਖੇਤ ਦੀ ਤਿਆਰੀ ਪੂਰੀ ਨਾ ਹੋਣੀ, ਬੀਜ ਤੇ ਖਾਦ ਪਾਉਣ ਸਮੇਂ ਲਾਪ੍ਰਵਾਹੀ, ਕੀਟ ਨਾਸ਼ਕ ਜਾਂ ਨਦੀਨ ਨਾਸ਼ਕ ਜ਼ਹਿਰਾਂ ਦੀ ਵਰਤੋਂ ਸਹੀ ਨਾ ਹੋਣੀ ਆਦਿ ਨਾਲ ਖੇਤੀ ਉਪਜ ਉੱਤੇ ਭੈੜਾ ਅਸਰ ਪਿਆ ਹੈ । ਪਿੱਛੇ ਕਈ ਸਾਲਾਂ ਤੋਂ ਖੇਤੀ ਉਪਜ ਵਿੱਚ ਖੜੋਤ ਆ ਗਈ ਹੈ । ਹੋਰ ਕਈ ਕਾਰਨਾਂ ਦੇ ਨਾਲੋਂ-ਨਾਲ ਇਸ ਖੜੋਤ ਦਾ ਇਹ ਵੀ ਇੱਕ ਕਾਰਨ ਹੈ ।

ਸ਼ੁਰੂ ਵਿੱਚ ਜਦੋਂ ਪ੍ਰਵਾਸੀ ਮਜ਼ਦੂਰ ਆਏ ਤਾਂ ਉਹ ਕੇਵਲ ਹੁਨਰ ਰਹਿਤ ਮਜ਼ਦੂਰ ਸਨ । ਮਜ਼ਦੂਰਾਂ ਦੀ ਮੰਗ ਵਧੇਰੇ ਸੀ । ਇਸ ਕਰਕੇ ਸਥਾਨਕ ਮਜ਼ਦੂਰਾਂ ਉੱਤੇ ਕੋਈ ਬਹੁਤ ਅਸਰ ਨਹੀਂ ਪਿਆ, ਪਰ ਹੌਲੀ-ਹੌਲੀ ਇਨ੍ਹਾਂ ਵਿੱਚੋਂ ਕੁੱਝ ਮਜ਼ਦੂਰਾਂ ਨੇ ਹੁਨਰ ਸਿੱਖ ਲਏ ਅਤੇ ਚੰਗੇ ਪੈਸੇ ਬਣਾਉਣ ਦੇ ਲਾਲਚ ਵਿੱਚ ਬਹੁਤ ਸਾਰੇ ਹੁਨਰਮੰਦ ਮਜ਼ਦੂਰ ਅਤੇ ਕਾਰੀਗਰ ਵੀ ਪੰਜਾਬ ਆ ਗਏ ਹਨ । ਕਾਰਖ਼ਾਨਿਆਂ ਵਿੱਚ ਵੀ ਉਹ ਹੁਣ ਹੁਨਰਮੰਦ ਕਾਮੇ ਬਣ ਗਏ ਹਨ । ਕਈ ਤਾਂ ਸੁਪਰਵਾਈਜ਼ਰ ਵੀ ਹਨ । ਜਿਸ ਨਾਲ ਸਥਾਨਕ ਹੁਨਰਮੰਦ ਕਾਮਿਆਂ ਦੀ ਬੇਰੁਜ਼ਗਾਰੀ ਵਿੱਚ ਵਾਧਾ ਹੋਇਆ ਹੈ । ਇਹ ਸਸਤੇ ਭਾਅ ਕੰਮ ਕਰਨ ਨੂੰ ਰਾਜੀ ਹੋ ਜਾਂਦੇ ਹਨ ਅਤੇ ਸਥਾਨਕ ਲੋਕਾਂ ਨਾਲ ਮੁਕਾਬਲਾ ਕਰਦੇ ਹਨ ।

ਇਹ ਲੋਕ ਕਮਾਈ ਕਰਨ ਆਉਂਦੇ ਹਨ । ਸਾਰਾ ਟੱਬਰ ਹੀ ਮਿਹਨਤ ਕਰਦਾ ਹੈ । ਇਨ੍ਹਾਂ ਦਾ ਮੁੱਖ ਮੰਤਵ ਵੱਧ ਤੋਂ ਵੱਧ ਪੈਸਾ ਵਾਪਸ ਭੇਜਣਾ ਹੈ । ਇਸ ਕਰ ਕੇ ਇਹ ਸਸਤੀ ਤੋਂ ਸਸਤੀ ਥਾਂ ਬਸੇਰਾ ਕਰਦੇ ਹਨ ਅਤੇ ਖੁਰਾਕ ਵੀ ਘੱਟ ਤੋਂ ਘੱਟ ਖਾਂਦੇ ਹਨ । ਇਹ ਸਸਤੀਆਂ ਝੁੱਗੀਆਂ ਜਾਂ ਰੈਣ ਬਸੇਰਾ ਸ਼ਹਿਰੀ ਗੰਦਗੀ ਵਿੱਚ ਵਾਧਾ ਕਰਦੇ ਹਨ । ਖੁਰਾਕ ਦੀ ਕਮੀ ਅਤੇ ਗੰਦੀ ਥਾਂ ਰਹਿਣ ਨਾਲ ਇਨ੍ਹਾਂ ਨੂੰ ਬਿਮਾਰੀਆਂ ਵੀ ਵਧੇਰੇ ਲੱਗਦੀਆਂ ਹਨ । ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪ੍ਰਵਾਸੀ ਮਜ਼ਦੂਰਾਂ ਨੇ ਸਾਡੀ ਆਰਥਿਕਤਾ ਵਿੱਚ ਚੋਖੀ ਸਹਾਇਤਾ ਕੀਤੀ ਹੈ । ਪਰ ਇਨ੍ਹਾਂ ਉੱਤੇ ਪੂਰੀ ਤਰ੍ਹਾਂ ਨਿਰਭਰਤਾ ਸੁਖਾਵੀਂ ਸਿੱਧ ਨਹੀਂ ਹੋਈ । ਸਾਡੇ ਲੋਕਾਂ ਵਿੱਚ ਹੱਥੀਂ ਕੰਮ ਕਰਨ ਦੀ ਆਦਤ ਘਟਦੀ ਜਾ ਰਹੀ ਹੈ । ਜੇ ਕਰ ਇਸੇ ਤਰ੍ਹਾਂ ਰੁਝਾਨ ਬਣਿਆ ਰਿਹਾ ਤਾਂ ਪੰਜਾਬ ਜਿੱਥੇ ਕਿਰਤ ਦਾ ਸਤਿਕਾਰ ਹੁੰਦਾ ਹੈ ਇਸ ਤੋਂ ਵਾਂਝਿਆਂ ਰਹਿ ਜਾਵੇਗਾ । ਇਸ ਦੇ ਅਸਾਰ ਪ੍ਰਤੱਖ ਵੇਖਣ ਨੂੰ ਮਿਲ ਰਹੇ ਹਨ । ਕੁੱਝ ਸਾਲ ਪਹਿਲਾਂ ਪੰਜਾਬ ਜਿਹੜਾ ਆਰਥਿਕ ਪੱਖੋਂ ਦੇਸ਼ ਵਿੱਚ ਪਹਿਲੇ ਨੰਬਰ ਉੱਤੇ ਸੀ ਹੁਣ ਬਹੁਤ ਪਿੱਛੇ ਚਲਾ ਗਿਆ ਹੈ । ਪੰਜਾਬ ਦੀ ਵਿਕਾਸ ਦਰ ਸਭ ਤੋਂ ਵੱਧ ਸੀ ਹੁਣ ਕੌਮੀ ਵਿਕਾਸ ਦਰ ਨਾਲੋਂ ਵੀ ਘੱਟ ਗਈ ਹੈ । ਭਵਿੱਖ ਦੀ ਖੇਤੀ ਸਿਆਣਪ ਦੀ ਖੇਤੀ ਹੋਵੇਗਾ ਜਿੱਥੇ ਕਿਸਾਨ ਨੂੰ ਆਪ ਹਰ ਬੂਟੇ ਨਾਲ ਗੱਲਾਂ ਕਰਨੀਆਂ ਪੈਣਗੀਆਂ । ਵਿਸ਼ਵ ਵਿਉਪਾਰ ਖੁੱਲ੍ਹਣ ਨਾਲ ਮੁਕਾਬਲੇ ਦਾ ਯੁਗ ਸ਼ੁਰੂ ਹੋ ਗਿਆ ਹੈ । ਹੁਣ ਤਾਂ ਵਧੀਆ ਅਤੇ ਸਸਤੀ ਉਪਜ ਹੀ ਮੰਡੀ ਵਿੱਚ ਵੇਚੀ ਜਾ ਸਕੇਗੀ ।

(ਚੱਲਦਾ)

# ਸ਼ਹਿਦ ਦੇ ਵਿਉਪਾਰ ਦਾ ਦਿੰਦੇ ਹੋਕਾ : ਦਾਦਾ, ਪਿਉ ਤੇ ਪੋਤਾ

45 ਸਾਲਾ ਗੁਰਪਾਲ ਸਿੰਘ ਸਪੁੱਤਰ ਸਰਦਾਰ ਕੇਵਲ ਸਿੰਘ, ਪਿੰਡ ਮੱਤੇਵਾਲ, ਬਲਾਕ ਤਰਸਿੱਕਾ, ਤਹਿਸੀਲ ਬਾਬਾ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ ਦਾ ਰਹਿਣ ਵਾਲਾ ਨੌਜਵਾਨ ਕਿਸਾਨ ਹੈ। ਸਰਦਾਰ ਗੁਰਪਾਲ ਸਿੰਘ ਦੀ ਮਧੂ ਮੱਖੀ ਪਾਲਣ ਕਿੱਤੇ ਵਿੱਚ ਸਫ਼ਲ ਸ਼ੁਰੂਆਤ ਉਸਦੇ ਪਿਤਾ ਜੀ ਤੋਂ ਹੋਈ ਜਿਨ੍ਹਾਂ ਕੋਲ ਖੇਤੀਬਾੜੀ ਲਈ 2 ਕਿੱਲੇ ਜ਼ਮੀਨ ਸੀ। ਸਰਦਾਰ ਕੇਵਲ ਸਿੰਘ ਨੇ ਇਸ ਕਿੱਤੇ ਬਾਰੇ ਜਾਣਕਾਰੀ ਹਾਸਿਲ ਕਰਨ ਲਈ ਆਪਣੇ ਜ਼ਿਲ੍ਹੇ ਵਿੱਚ ਮੌਜੂਦ ਖਾਲਸਾ ਕਾਲਜ ਸਿਖਲਾਈ ਕੇਂਦਰ, ਅੰਮ੍ਰਿਤਸਰ ਵੱਲ ਰੁਖ ਕੀਤਾ ਅਤੇ ਸਾਲ 1989 ਵਿੱਚ ਇਸ ਕਿੱਤੇ ਬਾਰੇ ਸਿਖਲਾਈ ਹਾਸਿਲ ਕੀਤੀ। ਉਸਨੇ ਸਿਖਲਾਈ ਕੋਰਸ ਖਤਮ ਕਰਨ ਉਪਰੰਤ 5 ਮੱਖੀਆਂ ਦੇ ਕਟੁੰਬ ਖ਼ਰੀਦ ਕੇ ਇਸ ਕੰਮ ਦੀ ਸ਼ੁਰੂਆਤ ਕੀਤੀ। ਸਿਖਲਾਈ ਤੋਂ ਬਾਅਦ ਪਹਿਲੀ ਸਮੱਸਿਆ ਸੀ, ਮਧੂ ਮੱਖੀ ਕਿੱਤੇ ਲਈ ਲੋੜੀਂਦੇ ਸਾਮਾਨ ਦੀ ਉਪਲਬਧਤਾ ਦੀ ਜਿਵੇਂ ਕਿ ਬੁਨਿਆਦੀ ਸੀਟਾਂ, ਜਾਲੀ, ਦਸਤਾਨੇ, ਹਾਈਵ ਟੂਲ ਅਤੇ ਸ਼ਹਿਦ ਕੱਢਣ ਲਈ ਮਸ਼ੀਨ ਆਦਿ। ਹੌਲੀ-ਹੌਲੀ ਇਹ ਸਾਮਾਨ ਸਰਦਾਰ ਕੇਵਲ ਸਿੰਘ ਜੀ ਨੇ ਇਕੱਠਾ ਕਰਨਾ ਸ਼ੁਰੂ ਕੀਤਾ ਅਤੇ ਕਿੱਤੇ ਨੂੰ ਅੱਗੇ ਤੋਰੀ ਰੱਖਿਆ। ਮਿਹਨਤ ਅਤੇ ਮਾਹਿਰਾਂ ਦੀ ਸਲਾਹ ਕਰਕੇ ਇਸ ਕਿਸਾਨ ਨੇ ਇਹਨਾਂ ਕਟੁੰਬਾਂ ਨੂੰ ਫਿਰ ਤੋਂ ਤਾਕਤਵਰ ਬਣਾ ਲਿਆ। ਜਦੋਂ ਪੂਰਾ ਇੱਕ ਸਾਲ ਬੀਤ ਗਿਆ ਤਾਂ ਇਸ ਕਿਸਾਨ ਨੂੰ ਹੌਸਲਾ ਹੋ ਗਿਆ ਕਿ ਹੁਣ ਮੈਂ ਇਸ ਕਿੱਤੇ ਨੂੰ ਅਗਾਂਹ ਵਧਾ ਸਕਦਾ ਹਾਂ। ਕਟੁੰਬਾਂ ਨੂੰ ਵਧਾਉਣਾ ਸ਼ੁਰੂ ਕੀਤਾ ਅਤੇ ਸ਼ਹਿਦ ਦੀ ਵਿਕਰੀ ਦੇ ਨਾਲ ਬਿਹਾਰ ਅਤੇ ਉੱਤਰ ਪ੍ਰਦੇਸ਼ ਦੇ ਮਧੂ ਮੱਖੀ ਪਾਲਕਾਂ ਨੂੰ ਮੱਖੀਆਂ ਦੇ ਛੱਤੇ ਵੇਚਣੇ ਸ਼ੁਰੂ ਕੀਤੇ। ਪਿਤਾ ਦੀ ਰੁਚੀ ਮਧੂ ਮੱਖੀ ਪਾਲਣ ਕਿੱਤੇ ਵਿੱਚ ਵੇਖ ਕੇ ਸਰਦਾਰ ਕੇਵਲ ਸਿੰਘ ਦੇ ਸਪੁੱਤਰ ਗੁਰਪਾਲ ਸਿੰਘ ਵਿੱਚ ਵੀ ਇਸ ਕਿੱਤੇ ਪ੍ਰਤੀ ਰੁਚੀ ਪੈਦਾ ਹੋ ਗਈ ਅਤੇ ਉਸਨੇ ਇਸ ਕਿੱਤੇ ਨੂੰ ਅਗਾਂਹ ਵਧਾਉਣ ਬਾਰੇ ਸੋਚਿਆ ਅਤੇ ਪਹਿਲਾ ਸਿਖਲਾਈ ਕੋਰਸ ਸੰਨ 2001 ਵਿੱਚ ਖੇਤੀਬਾੜੀ ਵਿਭਾਗ (ਅੰਮ੍ਰਿਤਸਰ), ਪੰਜਾਬ ਤੋਂ ਕੀਤਾ ਅਤੇ ਵੱਖ-ਵੱਖ ਸਮੇਂ ਤੇ ਫਾਰਮ ਸਲਾਹਕਾਰ ਸੇਵਾ ਕੇਂਦਰ, ਅੰਮ੍ਰਿਤਸਰ ਅਤੇ ਕ੍ਰਿਸ਼ੀ ਵਿਗਿਆਨ ਕੇਂਦਰ, ਅੰਮ੍ਰਿਤਸਰ ਤੋਂ ਤਕਨੀਕੀ ਸਿਖਲਾਈ ਪ੍ਰਾਪਤ ਕੀਤੀ। ਉਸਨੇ ਸਿਖਲਾਈ ਕੋਰਸ ਦੌਰਾਨ ਇਸ ਖੇਤਰ ਦੇ ਅਗਾਂਵਧੂ ਕਿਸਾਨਾਂ ਨਾਲ ਵੀ ਗੱਲਬਾਤ ਕੀਤੀ ਜੋ ਕਿ ਇੱਕ ਉੱਦਮੀ ਦੇ ਤੌਰ ਤੇ ਕੰਮ ਕਰ ਰਹੇ ਹਨ। ਸਰਦਾਰ ਗੁਰਪਾਲ ਸਿੰਘ ਨੇ ਇਸ ਕਿੱਤੇ ਨੂੰ ਉਚਾਈਆਂ ਤੇ ਲਿਜਾਣ ਲਈ ਫਾਰਮ ਸਲਾਹਕਾਰ ਸੇਵਾ ਕੇਂਦਰ, ਅੰਮ੍ਰਿਤਸਰ ਦੇ ਵਿਗਿਆਨੀਆਂ ਨਾਲ ਸਲਾਹ ਕੀਤੀ ਜਿਹਨਾਂ ਨੇ ਉਸਨੂੰ ਕਟੁੰਬਾਂ ਦੀ ਗਿਣਤੀ ਵਧਾਉਣ ਲਈ ਰਾਣੀ ਮੱਖੀ ਪਾਲਣ ਦੀ ਸਿੱਖਿਆ ਲੈਣ ਲਈ ਕਿਹਾ ਜਿਸ ਕਰਕੇ ਸਰਦਾਰ ਗੁਰਪਾਲ ਸਿੰਘ ਨੇ ਸੰਨ 2019 ਵਿੱਚ ਪੀ. ਏ. ਯੂ. ਲੁਧਿਆਣਾ ਤੋਂ ਪੰਜ ਰੋਜ਼ਾ ਸਿਖਲਾਈ ਕੋਰਸ ਵਪਾਰਕ ਰਾਣੀ ਮੱਖੀਆਂ ਤਿਆਰ ਕਰਨਾ ਅਤੇ ਸ਼ਹਿਦ ਤੋਂ ਇਲਾਵਾ ਮਧੂ ਮੱਖੀ ਉਤਪਾਦ ਕੀਤਾ। ਸਿਖਲਾਈ ਤੋਂ ਬਾਅਦ ਉਸਨੇ ਆਪਣੇ ਆਪ ਹੀ ਕਟੁੰਬਾਂ ਦੀ ਗਿਣਤੀ ਨੂੰ ਵਧਾਉਣਾ ਸ਼ੁਰੂ ਕੀਤਾ ਅਤੇ ਕਟੁੰਬਾਂ ਦੀ ਗਿਣਤੀ ਨੂੰ 300 ਕਟੁੰਬਾਂ ਤੋਂ ਉੱਪਰ ਲੈ ਗਿਆ। ਇਸ ਸਫ਼ਲਤਾ ਤੋਂ ਪ੍ਰੇਰਿਤ ਹੋ ਕੇ ਉਸਨੇ ਪਿੱਛੇ ਮੁੜ ਕੇ ਨਹੀਂ ਵੇਖਿਆ। ਸ਼ਹਿਦ ਦੇ ਖੇਤਰ ਵਿੱਚ ਮਾਰੀਆਂ ਮੱਲ੍ਹਾ ਸਦਕਾ ਸਰਦਾਰ ਗੁਰਪਾਲ ਸਿੰਘ ਨੂੰ ਪੀ.ਏ.ਯੂ. ਪ੍ਰੋਗਰੈਸਿਵ ਬੀ ਕੀਪਰ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਦੇ ਤੌਰ ਤੇ 2021 ਤੋਂ 2023 ਤੱਕ ਸੇਵਾ ਨਿਭਾਉਣ ਦਾ ਮੌਕਾ ਮਿਲਿਆ।

ਬੇਟੇ ਗੁਰਪਾਲ ਨੇ ਮਧੂ ਮੱਖੀਆਂ ਦੀ ਸਾਂਭ ਸੰਭਾਲ, ਕਟੁੰਬਾਂ ਦੀ ਗਿਣਤੀ ਵਧਾਉਣ, ਵਪਾਰਕ ਪੱਧਰ ਤੇ ਰਾਣੀ ਮੱਖੀਆਂ ਪੈਦਾ ਕਰਨ ਦੀ ਤਕਨੀਕ ਬਾਰੇ ਤਾਂ ਮੁਹਾਰਤ ਹਾਸਲ ਕਰ ਲਈ ਪਰ ਹੁਣ ਉਸ ਨੂੰ ਸ਼ਹਿਦ ਦੀ ਮਾਰਕਿਟਿੰਗ ਬਾਰੇ ਬਹੁਤ ਸਾਰੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਫਾਰਮ ਸਲਾਹਕਾਰ ਸੇਵਾ ਕੇਂਦਰ, ਅੰਮ੍ਰਿਤਸਰ ਦੇ ਵਿਗਿਆਨੀਆਂ ਨੇ ਉਸ ਨੂੰ ਸ਼ਹਿਦ ਦੀ ਡੱਬਾਬੰਦੀ ਕਰਨ ਦੀ ਸਲਾਹ ਦਿੱਤੀ ਅਤੇ ਸ਼ਹਿਦ ਦੀ ਸੇਲ



ਇੱਕ ਬ੍ਰਾਂਡ ਨਾਮ ਦੇ ਅਧੀਨ ਕਰਨ ਦੀ ਸਲਾਹ ਦਿੱਤੀ। ਸਲਾਹ ਨੂੰ ਮੰਨਦੇ ਹੋਏ ਗੁਰਪਾਲ ਸਿੰਘ ਨੇ ਸ਼ਹਿਦ ਦੀ ਡੱਬਾਬੰਦੀ ਕੀਤੀ ਅਤੇ ਐੱਫ. ਐੱਸ. ਐੱਸ. ਏ. ਆਈ. ਦੁਆਰਾ ਆਪਣੇ ਬ੍ਰਾਂਡ ਦਾ ਨਾਮ ''ਕੋਹਿਨੂਰ ਸ਼ਹਿਦ'' ਦੇ ਰੂਪ ਵਿੱਚ ਦਰਜ ਕਰਵਾਇਆ।

ਸਰਦਾਰ ਗੁਰਪਾਲ ਸਿੰਘ ਨੇ ਕਿਸਾਨ ਮੇਲਿਆਂ, ਲੋਕਲ ਥਾਵਾਂ, ਕਾਲਜਾਂ, ਪਾਰਕਾਂ, ਮੈਡੀਕਲ ਸਟੋਰਾਂ ਅਤੇ ਹਸਪਤਾਲਾਂ ਵਿੱਚ ਆਪਣਾ ਮਾਰਕੀਟਿੰਗ ਸਰਕਲ ਬਣਾ ਕੇ ਆਪਣੇ ਉਤਪਾਦਾਂ ਨੂੰ ਵੇਚਣ ਦਾ ਇੱਕ ਵਿਲੱਖਣ ਢੰਗ ਵਿਕਸਿਤ ਕੀਤਾ ਜਿੱਥੇ ਉਹ ਆਪਣੇ ਉਤਪਾਦਾਂ ਦੀ ਬਹੁਤ ਵਧੀਆ ਸੇਲ ਕਰਦਾ ਹੈ। ਉਸ ਵੱਲੋਂ ਤਿਆਰ ਕੀਤੇ ਬੇਰ ਸ਼ਹਿਦ, ਮਲਟੀ ਸ਼ਹਿਦ, ਲੀਚੀ ਸ਼ਹਿਦ ਦੀ ਮਾਰਕੀਟ ਵਿੱਚ ਬਹੁਤ ਮੰਗ ਹੈ ਜਿਸ ਤੋਂ ਉਸਨੂੰ ਸਰ੍ਹੋਂ ਦੇ ਸ਼ਹਿਦ ਤੋਂ ਦੁੱਗਣੀ ਆਮਦਨ ਹੋ ਰਹੀ ਹੈ। ਐੱਫ.ਏ.ਐੱਸ.ਸੀ. ਅੰਮ੍ਰਿਤਸਰ ਦੇ ਵਿਗਿਆਨੀਆਂ ਵੱਲੋਂ ਉਸਨੂੰ ਸ਼ਹਿਦ ਦੇ ਨਾਲ-ਨਾਲ ਮਧੂ ਮੱਖੀ ਉਤਪਾਦਾਂ ਵਿੱਚ ਵਿਭਿੰਨਤਾ ਲਿਆਉਣ ਦੀ ਸਲਾਹ ਦਿੱਤੀ ਗਈ। ਇਸ ਤਰ੍ਹਾਂ ਉਸਨੇ ਮੋਮ ਅਤੇ ਪੋਲਨ ਨੂੰ ਇਕੱਠਾ ਕਰਨਾ ਸ਼ੁਰੂ ਕੀਤਾ। ਸ਼ਹਿਦ ਤੋਂ 'ਕੈਂਡੀ' ਅਤੇ 'ਸ਼ਹਿਦ ਸਾਬਣ' ਬਣਾ ਕੇ, ਮੋਮ ਤੋਂ 'ਮੋਮਬੱਤੀਆਂ' ਬਣਾ ਕੇ ਅਤੇ ਪੋਲਨ ਨੂੰ ਵੇਚ ਕੇ ਆਮਦਨ ਵਿੱਚ ਵਾਧਾ ਕੀਤਾ। ਕਿੱਤੇ ਦੀ ਆਮਦਨ ਤੋਂ ਪ੍ਰੇਰਿਤ ਹੋ ਕੇ ਗੁਰਪਾਲ ਸਿੰਘ ਨੇ ਆਪਣੇ ਪੁੱਤਰ ਹਰਨੂਰਦੀਪ ਸਿੰਘ ਨੂੰ ਵੀ ਇਸ ਕਿੱਤੇ ਵੱਲ ਲਿਆਂਦਾ ਅਤੇ ਫਾਰਮ ਸਲਾਹਕਾਰ ਸੇਵਾ ਕੇਂਦਰ, ਅੰਮ੍ਰਿਤਸਰ ਤੇ ਮਧੂ ਮੱਖੀ ਪਾਲਣ ਦਾ ਸਿਖਲਾਈ ਕੋਰਸ ਸੰਨ 2023 ਵਿੱਚ ਕਰਵਾਇਆ।

**ਗੁਰਮੀਤ ਸਿੰਘ ਅਤੇ ਨਰਿੰਦਰਪਾਲ ਸਿੰਘ,**
**ਫਾਰਮ ਸਲਾਹਕਾਰ ਸੇਵਾ ਕੇਂਦਰ, ਅੰਮ੍ਰਿਤਸਰ**
(ਮੋ. 98148-45584)

ਰੁੱਖਾਂ ਦੀ ਸੰਭਾਲ ਲਈ ਬਣੇਗਾ ਕਾਨੂੰਨ

## 'ਪੰਜਾਬ ਰੁੱਖਾਂ ਦੀ ਸੁਰੱਖਿਆ ਕਾਨੂੰਨ-2025' ਦੇ ਖਰੜੇ ਨੂੰ ਮਨਜ਼ੂਰੀ

ਪੰਜਾਬ ਸਰਕਾਰ ਨੇ ਸੂਬੇ ਵਿੱਚ ਵਾਤਾਵਰਨ ਸੁਰੱਖਿਆ ਅਤੇ ਸ਼ਹਿਰੀ ਹਰਿਆਵਲ ਵਧਾਉਣ ਲਈ ਅਹਿਮ ਕਦਮ ਚੁੱਕਿਆ ਹੈ। ਇਸ ਤਹਿਤ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਨੇ ਰੁੱਖਾਂ ਦੀ ਸੁਰੱਖਿਆ ਅਤੇ ਦੇਖਭਾਲ ਯਕੀਨੀ ਬਣਾਉਣ ਲਈ 'ਪੰਜਾਬ ਰੁੱਖਾਂ ਦੀ ਸੁਰੱਖਿਆ ਕਾਨੂੰਨ-2025 (ਦਿ ਪੰਜਾਬ ਪ੍ਰੋਟੈਕਸ਼ਨ ਆਫ ਟਰੀਜ਼ ਐਕਟ-2025)' ਦਾ ਖਰੜਾ ਤਿਆਰ ਕੀਤਾ ਹੈ। ਵਿੱਤ ਵਿਭਾਗ ਨੇ ਇਸ ਖਰੜੇ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਕਾਨੂੰਨ ਨਾਲ ਗੈਰ-ਕਾਨੂੰਨੀ ਢੰਗ ਨਾਲ ਦਰੱਖਤਾਂ ਦੀ ਕਟਾਈ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਜੁਰਮਾਨਾ ਲਾਇਆ ਜਾਵੇਗਾ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਵਿੱਤ ਵਿਭਾਗ ਨੇ ਇਸ ਪ੍ਰਸਤਾਵ ਦੀ ਬਾਰੀਕੀ ਨਾਲ ਸਮੀਖਿਆ ਕੀਤੀ ਹੈ। ਇਹ ਐਕਟ ਸ਼ਹਿਰੀ ਹਰਿਆਵਲ ਅਤੇ ਵਾਤਾਵਰਨ ਸੰਭਾਲ ਲਈ ਕਾਰਗਰ ਹਥਿਆਰ ਸਾਬਤ ਹੋਵੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਜੰਗਲਾਤ ਵਿਭਾਗ ਨੇ ਭਰੋਸਾ ਦਿੱਤਾ ਹੈ ਕਿ ਇਹ ਕਾਨੂੰਨ ਲਾਗੂ ਕਰਨ ਨਾਲ ਸੂਬੇ ਦੇ ਖ਼ਜ਼ਾਨੇ 'ਤੇ ਕੋਈ ਵੀ ਵਾਧੂ ਵਿੱਤੀ ਬੋਝ ਨਹੀਂ ਪਵੇਗਾ। ਜੁਰਮਾਨਿਆਂ ਤੋਂ ਇਕੱਠੀ ਹੋਣ ਵਾਲੀ ਰਕਮ ਨਾਲ ਵਿਸ਼ੇਸ਼ ਫੰਡ ਸਥਾਪਤ ਕੀਤਾ ਜਾਵੇਗਾ, ਜਿਸ ਦੀ ਵਰਤੋਂ ਰਣਨੀਤਕ ਤੌਰ 'ਤੇ ਸਿਰਫ਼ ਸ਼ਹਿਰੀ ਖੇਤਰਾਂ ਵਿੱਚ ਹਰਿਆਵਲ ਪ੍ਰਾਜੈਕਟਾਂ ਅਤੇ ਵਾਤਾਵਰਨ ਦੇ ਵਿਕਾਸ ਲਈ ਕੀਤੀ ਜਾਵੇਗੀ। ਇਸ ਨਾਲ ਨਾ ਸਿਰਫ਼ ਦਰੱਖਤਾਂ ਦੀ ਕਟਾਈ ਰੁਕੇਗੀ, ਸਗੋਂ ਨਵੇਂ ਪੌਦੇ ਲਾਉਣ ਨੂੰ ਵੀ ਹੁਲਾਰਾ ਮਿਲੇਗਾ।

### ਕੈਬਨਿਟ ਤੇ ਵਿਧਾਨ ਸਭਾ ਦੀ ਪ੍ਰਵਾਨਗੀ ਮਗਰੋਂ ਲਾਗੂ ਹੋਵੇਗਾ ਕਾਨੂੰਨ

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਇਹ ਖਰੜਾ ਜ਼ਰੂਰੀ ਵਿਧਾਨਕ ਪ੍ਰਕਿਰਿਆ ਵਿੱਚੋਂ ਲੰਘੇਗਾ। ਵਿੱਤ ਵਿਭਾਗ ਦੀ ਹਰੀ ਝੰਡੀ ਮਿਲਣ ਤੋਂ ਬਾਅਦ ਇਸ ਨੂੰ ਜਲਦੀ ਹੀ ਪੰਜਾਬ ਮੰਤਰੀ ਮੰਡਲ (ਕੈਬਨਿਟ) ਦੀ ਮੀਟਿੰਗ ਵਿੱਚ ਪੇਸ਼ ਕੀਤਾ ਜਾਵੇਗਾ। ਕੈਬਨਿਟ ਤੇ ਮਨਜ਼ੂਰੀ ਮਿਲਣ ਮਗਰੋਂ ਬਿੱਲ ਵਿਧਾਨ ਸਭਾ ਵਿੱਚ ਪੇਸ਼ ਕੀਤਾ ਜਾਵੇਗਾ। ਵਿਧਾਨ ਸਭਾ ਵਿੱਚ ਪਾਸ ਹੋਣ ਤੋਂ ਬਾਅਦ ਹੀ ਇਹ ਕਾਨੂੰਨ ਅਮਲੀ ਰੂਪ ਅਖਤਿਆਰ ਕਰ ਸਕੇਗਾ ਅਤੇ ਸੂਬੇ ਭਰ ਵਿੱਚ ਲਾਗੂ ਹੋਵੇਗਾ।

# ਦਿੱਲੀ ਦੇ 15 ਫੀਸਦੀ ਪਾਣੀ ਵਿੱਚ ਯੂਰੇਨੀਅਮ; ਗੁਰਦਿਆਂ ਅਤੇ ਹੱਡੀਆਂ 'ਤੇ ਮਾੜੇ ਪ੍ਰਭਾਵ ਸਣੇ ਕੈਂਸਰ ਦਾ ਵਧ ਰਿਹੈ ਖਤਰਾ

ਦਿੱਲੀ ਦੀ ਤੇਜ਼ੀ ਨਾਲ ਵੱਧ ਰਹੀ ਆਬਾਦੀ ਅਤੇ ਪਾਣੀ ਦੇ ਪੱਧਰ ਵਿੱਚ ਗਿਰਾਵਟ ਦੇ ਵਿਚਕਾਰ ਕੇਂਦਰੀ ਭੂਮੀਗਤ ਜਲ ਬੋਰਡ ਦੀ ਤਾਜ਼ਾ ਰਿਪੋਰਟ ਵਿੱਚ ਦਿੱਲੀ ਦੇ ਜ਼ਮੀਨ ਹੇਠਲੇ ਪਾਣੀ ਦੇ 13 ਤੋਂ 15 ਨਮੂਨਿਆਂ ਵਿੱਚ ਯੂਰੇਨੀਅਮ ਦਾ ਪੱਧਰ ਸੁਰੱਖਿਅਤ ਹੱਦ ਨਾਲੋਂ ਵੱਧ ਪਾਇਆ ਗਿਆ। 2025 ਦੇ ਮਾਨਸੂਨ ਤੋਂ ਪਹਿਲਾਂ ਅਤੇ ਬਾਅਦ ਦੇ ਮੌਸਮ ਦੌਰਾਨ ਲਏ ਗਏ ਨਮੂਨਿਆਂ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਹ ਪਹਿਲੀ ਵਾਰ ਨਹੀਂ ਹੈ, ਪਰ ਇਸ ਸਾਲ ਪ੍ਰਦੂਸ਼ਣ ਦੇ ਪੱਧਰ ਅਤੇ ਦਾਇਰੇ ਦੋਵਾਂ ਵਿੱਚ ਵਾਧਾ ਦੇਖਿਆ ਗਿਆ ਹੈ।

ਇਸ ਤੋਂ ਪਹਿਲਾਂ ਪੰਜਾਬ ਅਤੇ ਹਰਿਆਣਾ ਵਿੱਚ ਵੀ ਜ਼ਮੀਨ ਹੇਠਲੇ ਪਾਣੀ ਦੇ ਯੂਰੇਨੀਅਮ ਕਾਰਨ ਦੂਸ਼ਿਤ ਹੋਣ ਦੀ ਗੰਭੀਰ ਸਮੱਸਿਆ ਸਾਹਮਣਾ ਆ ਚੁੱਕੀ ਹੈ। ਮਾਹਿਰਾਂ ਦੇ ਅਨੁਸਾਰ ਦਿੱਲੀ ਵਿੱਚ ਪੀਣ ਵਾਲੇ ਪਾਣੀ ਵਿੱਚ ਯੂਰੇਨੀਅਮ ਦਾ ਇੰਨਾ ਉੱਚਾ ਪੱਧਰ ਸਿਹਤ ਲਈ ਗੰਭੀਰ ਖਤਰਾ ਪੈਦਾ ਕਰ ਸਕਦਾ ਹੈ।

### ਇਹ ਮੌਸਮੀ ਨਹੀਂ ਬਲਕਿ ਲਗਾਤਾਰ ਵੱਧ ਰਹੀ ਸਮੱਸਿਆ

ਦਿੱਲੀ ਵਿੱਚ ਇਕੱਠੇ ਕੀਤੇ ਗਏ 83-86 ਨਮੂਨਿਆਂ ਵਿੱਚੋਂ ਲਗਭਗ 24 ਵਿੱਚ ਸੁਰੱਖਿਅਤ ਹੱਦ (30 ਪੀ. ਪੀ. ਬੀ.) ਤੋਂ ਵੱਧ ਯੂਰੇਨੀਅਮ ਪਾਇਆ ਗਿਆ। ਕਈ ਇਲਾਕਿਆਂ ਵਿੱਚ ਨਾਈਟ੍ਰੇਟ, ਫਲੋਰਾਈਡ, ਸੀਸਾ, ਆਇਰਨ ਅਤੇ ਟੀ. ਡੀ. ਐਸ. ਵੀ ਤੈਅ ਮਾਪਦੰਡਾਂ ਨਾਲੋਂ ਵੱਧ ਪਾਏ ਗਏ। ਰਿਪੋਰਟ ਇਹ ਵੀ ਦਰਸਾਉਂਦੀ ਹੈ ਕਿ ਇਹ ਸਮੱਸਿਆ ਇੱਕ ਸਿੰਗਲ ਪਾਣੀ ਦੇ ਪੱਧਰ ਜਾਂ ਮੌਸਮ ਤੱਕ ਸੀਮਤ ਨਹੀਂ ਹੈ। ਪਾਣੀ ਵਿੱਚ ਮਾਨਸੂਨ ਤੋਂ ਪਹਿਲਾਂ ਅਤੇ ਬਾਅਦ ਵੀ ਗੰਦਗੀ ਮੌਜੂਦ ਸੀ; ਭਾਵ ਇਹ ਇੱਕ ਮੌਸਮੀ ਸਮੱਸਿਆ ਨਹੀਂ ਹੈ, ਬਲਕਿ ਇੱਕ ਨਿਰੰਤਰ ਵੱਧ ਰਹੀ ਸਮੱਸਿਆ ਹੈ।

### ਪਾਣੀ ਵਿੱਚ ਯੂਰੇਨੀਅਮ ਵੱਧਣ ਦੇ ਮੁੱਖ ਕਾਰਨ ਕੀ ਹਨ ?

ਮਾਹਿਰਾਂ ਦੇ ਅਨੁਸਾਰ ਦਿੱਲੀ ਵਿੱਚ ਜ਼ਮੀਨ ਹੇਠਲੇ ਪਾਣੀ ਦੇ ਪੱਧਰ ਵਿੱਚ ਤੇਜ਼ੀ ਨਾਲ ਗਿਰਾਵਟ ਕਾਰਨ ਲੋਕਾਂ ਨੇ ਡੂੰਘੇ ਟਿਊਬਵੈਲਾਂ ਅਤੇ ਬੋਰਵੈਲਾਂ ਤੋਂ ਪਾਣੀ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਹੈ। ਜ਼ਮੀਨ ਹੇਠਲਾ ਡੂੰਘਾ ਪਾਣੀ ਉਨ੍ਹਾਂ ਚਟਾਨਾਂ ਤੋਂ ਹੋ ਕੇ ਆਉਂਦਾ ਹੈ, ਜਿਨ੍ਹਾਂ ਵਿੱਚ ਕੁਦਰਤੀ ਤੌਰ 'ਤੇ ਯੂਰੇਨੀਅਮ ਅਤੇ ਹੋਰ ਖਣਿਜ ਹੁੰਦੇ ਹਨ। ਜਿਵੇਂ-ਜਿਵੇਂ ਡੂੰਘਾਈ ਵਧਦੀ ਜਾਂਦੀ ਹੈ, ਪਾਣੀ ਵਿੱਚ ਇਨ੍ਹਾਂ ਤੱਤਾਂ ਦੀ ਮਾਤਰਾ ਵੀ ਵੱਧ ਜਾਂਦੀ ਹੈ। ਇਸ ਤੋਂ ਇਲਾਵਾ ਦਿੱਲੀ ਦੇ ਬਹੁਤ ਸਾਰੇ ਇਲਾਕੇ ਖਣਿਜਾਂ ਨਾਲ ਭਰਪੂਰ ਚੱਟਾਨਾਂ ਦਾ ਘਰ ਹਨ। ਇਨ੍ਹਾਂ ਚੱਟਾਨਾਂ ਦੇ ਸੰਪਰਕ ਵਿੱਚ ਆਉਣ 'ਤੇ ਪਾਣੀ ਵਿੱਚ ਰੇਡੀਓਐਕਟਿਵ ਤੱਤਾਂ ਦਾ ਘੁਲਣਾ ਕੁਦਰਤੀ ਹੈ। ਕੁਝ ਇਲਾਕਿਆਂ ਵਿੱਚ ਰਸਾਇਣਿਕ ਰਹਿੰਦ-ਖੂੰਹਦ, ਸੀਵਰੇਜ ਲੀਕੇਜ ਅਤੇ ਖੇਤੀਬਾੜੀ ਵਿੱਚ ਵਰਤੀ ਜਾਣ ਵਾਲੀ ਖਾਦ ਜ਼ਮੀਨ ਹੇਠਲੇ ਪਾਣੀ ਦੀ ਗੁਣਵੱਤਾ ਨੂੰ ਹੋਰ ਵੀ ਘਟਾਉਂਦੇ ਹਨ।



### ਬੱਚੇ, ਗਰਭਵਤੀ ਔਰਤਾਂ ਅਤੇ ਬਜ਼ੁਰਗ ਸਭ ਤੋਂ ਵੱਧ ਪ੍ਰਭਾਵਿਤ

ਯੂਰੇਨੀਅਮ ਅਤੇ ਭਾਰੀ ਧਾਤਾਂ ਨਾਲ ਦੂਸ਼ਿਤ ਪਾਣੀ ਨੂੰ ਲੰਬੇ ਸਮੇਂ ਤੱਕ ਪੀਣ ਨਾਲ ਗੁਰਦਿਆਂ 'ਤੇ ਸਭ ਤੋਂ ਵੱਧ ਮਾੜਾ ਪ੍ਰਭਾਵ ਪੈਂਦਾ ਹੈ। ਇਹ ਗੁਰਦੇ ਦੀ ਫਿਲਟ੍ਰੇਸ਼ਨ ਸਮਰੱਥਾ ਨੂੰ ਘਟਾ ਸਕਦਾ ਹੈ ਅਤੇ ਨੈਫਰੋਟੌਕਸਿਟੀ ਵੱਲ ਲਿਜਾ ਸਕਦਾ ਹੈ। ਯੂਰੇਨੀਅਮ ਅਤੇ ਫਲੋਰਾਈਡ ਦਾ ਸਾਂਝਾ ਪ੍ਰਭਾਵ ਹੱਡੀਆਂ ਨੂੰ ਕਮਜ਼ੋਰ ਕਰਦਾ ਹੈ ਅਤੇ ਬੱਚਿਆਂ ਵਿੱਚ ਹੱਡੀਆਂ ਦੇ ਵਿਕਾਸ ਨੂੰ ਪ੍ਰਭਾਵਿਤ ਕਰ ਸਕਦਾ ਹੈ। ਯੂਰੇਨੀਅਮ ਇੱਕ ਰੇਡੀਓਐਕਟਿਵ ਤੱਤ ਹੈ। ਮਾਹਿਰਾਂ ਨੇ ਚਿੰਤਾ ਪ੍ਰਗਟ ਕੀਤੀ ਹੈ ਕਿ ਲੰਬੇ ਸਮੇਂ ਤੱਕ ਯੂਰੇਨੀਅਮ ਦੇ ਉੱਚ ਪੱਧਰ ਵਾਲੇ ਪਾਣੀ ਦੇ ਸੰਪਰਕ ਵਿੱਚ ਰਹਿਣ ਨਾਲ ਕੈਂਸਰ ਦਾ ਖਤਰਾ ਵੱਧ ਸਕਦਾ ਹੈ। ਬੱਚੇ, ਗਰਭਵਤੀ ਔਰਤਾਂ ਅਤੇ ਬਜ਼ੁਰਗਾਂ ਦੇ ਪ੍ਰਭਾਵਿਤ ਹੋਣ ਦੀ ਸੰਭਾਵਨਾ ਸਭ ਤੋਂ ਵੱਧ ਹੁੰਦੀ ਹੈ। ਵਿਕਾਸ ਸੰਬੰਧੀ ਸਮੱਸਿਆਵਾਂ, ਅਨੀਮੀਆ ਅਤੇ ਇਮਿਊਨ ਸਿਸਟਮ 'ਤੇ ਅਸਰ ਵੀ ਸੰਭਾਵੀ ਜੋਖਮ ਹਨ।

ਪਸ਼ੂ ਚਾਰੇ ਦੀ ਗੁਣਵੱਤਾ ਦਾ ਮਸਲਾ

# ਬਿੱਲ ਨੂੰ ਸੱਤ ਸਾਲ ਬਾਅਦ ਮਿਲੀ ਮਨਜ਼ੂਰੀ

- ਸਰਕਾਰ ਪਸ਼ੂ ਚਾਰੇ ਦੀ ਗੁਣਵੱਤਾ ਦੀ ਨਿਗਰਾਨੀ ਕਰੇਗੀ
- ਤਿੰਨ ਮਹੀਨਿਆਂ ਅੰਦਰ ਰਜਿਸਟਰੇਸ਼ਨ ਕਰਵਾਉਣੀ ਪਵੇਗੀ
- ਗਲਤ ਕੰਮ ਕਰਨ ਵਾਲਿਆਂ ਨੂੰ ਸਜ਼ਾ ਅਤੇ ਜ਼ੁਰਮਾਨੇ ਦਾ ਪ੍ਰਬੰਧ

ਪੰਜਾਬ ਸਰਕਾਰ ਵੱਲੋਂ ਹੁਣ ਸੂਬੇ ਵਿੱਚ ਪਸ਼ੂਆਂ ਨੂੰ ਦਿੱਤੇ ਜਾਣ ਵਾਲੇ ਚਾਰੇ ਦੀ ਗੁਣਵੱਤਾ ਦੀ ਨਿਗਰਾਨੀ ਕਰੇਗੀ, ਤਾਂ ਜੋ ਪਸ਼ੂਆਂ ਨੂੰ ਸੰਤੁਲਿਤ ਚਾਰਾ ਦਿੱਤਾ ਜਾ ਸਕੇ। ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਗਏ ਪੰਜਾਬ ਪਸ਼ੂ ਚਾਰਾ, ਕੰਸਨਟਰੇਟਸ ਅਤੇ ਖਣਿਜ ਮਿਸ਼ਰਨ ਬਿੱਲ 2018 ਨੂੰ ਰਾਸ਼ਟਰਪਤੀ ਨੇ ਸੱਤ ਸਾਲ ਬਾਅਦ ਮਨਜ਼ੂਰੀ ਦਿੱਤੀ ਹੈ। ਇਸ ਬਿੱਲ ਦੇ ਕਾਨੂੰਨੀ ਰੂਪ ਲੈਣ ਨਾਲ ਹੁਣ ਸੂਬਾ ਸਰਕਾਰ ਪਸ਼ੂਆਂ ਨੂੰ ਦਿੱਤੇ ਜਾਣ ਵਾਲੇ ਚਾਰੇ ਦੀ ਗੁਣਵੱਤਾ ਦੀ ਨਿਗਰਾਨੀ ਦੇ ਨਾਲ ਹੀ ਮਾੜੀ ਗੁਣਵੱਤਾ ਦਾ ਪਸ਼ੂ ਚਾਰਾ ਬਣਾਉਣ ਵਾਲਿਆਂ ਵਿਰੁੱਧ ਬਣਦੀ ਕਾਰਵਾਈ ਕਰ ਸਕੇਗੀ।

ਜਾਣਕਾਰੀ ਅਨੁਸਾਰ ਪੰਜਾਬ ਵਿੱਚ 2018 ਵਿੱਚ ਤਤਕਾਲੀ ਕਾਂਗਰਸ ਸਰਕਾਰ ਵੱਲੋਂ ਪਸ਼ੂਆਂ ਦੀ ਸਿਹਤ ਅਤੇ ਉਤਪਾਦਨ ਵਿੱਚ ਸੁਧਾਰ ਲਈ ਚਾਰੇ ਦੀ ਗੁਣਵੱਤਾ ਵਧਾਉਣ ਵਾਸਤੇ ਵਿਧਾਨ ਸਭਾ ਵਿੱਚ ਪੰਜਾਬ ਪਸ਼ੂ ਚਾਰਾ, ਕੰਸਨਟਰੇਟਸ ਅਤੇ ਖਣਿਜ ਮਿਸ਼ਰਨ ਬਿੱਲ 2018 ਪਾਸ ਕੀਤਾ ਗਿਆ ਸੀ। ਵਿਧਾਨ ਸਭਾ ਵੱਲੋਂ ਬਿੱਲ ਪਾਸ ਹੋਣ ਮਗਰੋਂ ਤਤਕਾਲੀ ਕਾਨੂੰਨੀ ਸਲਾਹਕਾਰਾਂ ਨੇ ਮਨਜ਼ੂਰੀ ਦੇਣ ਤੋਂ ਇਨਕਾਰ ਕਰਦਿਆਂ ਰਾਸ਼ਟਰਪਤੀ ਕੋਲ ਸਲਾਹ ਲਈ ਭੇਜਣ ਦਾ ਦਾਅਵਾ ਕੀਤਾ ਸੀ। ਇਸ ਮਗਰੋਂ ਇਹ ਬਿੱਲ ਸਾਲ 2019 ਵਿੱਚ ਰਾਸ਼ਟਰਪਤੀ ਕੋਲ ਭੇਜਿਆ ਗਿਆ ਸੀ, ਜਿਸ ਨੂੰ ਸੱਤ ਸਾਲ ਬਾਅਦ ਰਾਸ਼ਟਰਪਤੀ ਨੇ ਮਨਜ਼ੂਰੀ ਦੇ ਦਿੱਤੀ ਹੈ।



ਪੰਜਾਬ ਦੇ ਪਸ਼ੂ-ਪਾਲਣ ਵਿਭਾਗ ਦੇ ਪ੍ਰਮੁੱਖ ਸਕੱਤਰ ਰਾਹੁਲ ਭੰਡਾਰੀ ਨੇ ਕਿਹਾ ਕਿ ਉਹ ਪਸ਼ੂਆਂ ਦੇ ਚਾਰੇ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣ ਲਈ ਲੰਮੇ ਸਮੇਂ ਤੋਂ ਬਿੱਲ ਦਾ ਮਾਮਲਾ ਕੇਂਦਰ ਕੋਲ ਚੁੱਕ ਰਹੇ ਸਨ। ਬਿੱਲ 'ਤੇ ਕਾਫ਼ੀ ਵਿਚਾਰ-ਚਰਚਾ ਕਰਨ ਤੋਂ ਬਾਅਦ ਮਨਜ਼ੂਰੀ ਦੇ ਦਿੱਤੀ ਗਈ ਹੈ। ਪੰਜਾਬ ਪਸ਼ੂ-ਚਾਰਾ, ਕੰਸਨਟਰੇਟਸ ਅਤੇ ਖਣਿਜ ਮਿਸ਼ਰਨ ਬਿੱਲ 2018 ਦੇ ਕਾਨੂੰਨੀ ਤੌਰ 'ਤੇ ਲਾਗੂ ਹੋਣ ਨਾਲ ਸੂਬੇ ਵਿੱਚ ਡੇਅਰੀ ਫਾਰਮਿੰਗ ਖੇਤਰ ਨੂੰ ਉਤਸ਼ਾਹਿਤ ਕੀਤਾ ਜਾ ਸਕੇਗਾ। ਇਸ ਬਿੱਲ ਨਾਲ ਪਸ਼ੂਆਂ ਦੇ ਚਾਰੇ ਦੀ ਗੁਣਵੱਤਾ ਵਿੱਚ ਸੁਧਾਰ ਕੀਤਾ ਜਾ ਸਕੇਗਾ, ਜਿਸ ਨਾਲ ਦੁੱਧ ਉਤਪਾਦਨ ਵਿੱਚ ਵਾਧਾ ਹੋ ਸਕੇਗਾ। ਇਸ ਨਾਲ ਪੰਜਾਬ ਦੇ ਪਿੰਡਾਂ ਦੇ ਲੋਕਾਂ ਨੂੰ ਖੇਤੀਬਾੜੀ ਤੋਂ ਇਲਾਵਾ ਹੋਰ ਧੰਦਿਆਂ ਨਾਲ ਆਮਦਨ ਵਿੱਚ ਵਾਧਾ ਹੋ ਸਕੇਗਾ।

ਇਹ ਗੱਲ ਸੂਬੇ ਵਿੱਚ 25 ਲੱਖ ਪਸ਼ੂਆਂ ਅਤੇ 40 ਲੱਖ ਮੱਝਾਂ ਨੂੰ ਦਿੱਤੇ ਜਾਣ ਵਾਲੇ ਚਾਰੇ ਦੀ ਗੁਣਵੱਤਾ ਵਿੱਚ ਸੁਧਾਰ ਲਿਆਵੇਗਾ। ਇਸ ਨਾਲ ਸੂਬੇ ਦੇ ਦੋ ਹਜ਼ਾਰ ਦੇ ਕਰੀਬ ਪਸ਼ੂ ਚਾਰਾ ਬਣਾਉਣ ਵਾਲਿਆਂ ਦੇ ਚਾਰੇ ਦੀ ਗੁਣਵੱਤਾ 'ਤੇ ਵੀ ਨਿਗਰਾਨੀ ਲਈ ਨਿਯਮ ਅਤੇ ਕਾਨੂੰਨ ਤਿਆਰ ਕੀਤੇ ਜਾ ਸਕਣਗੇ। ਸੂਬਾ ਸਰਕਾਰ ਵੱਲੋਂ ਪੰਜਾਬ ਪਸ਼ੂ ਚਾਰਾ, ਕੰਸਨਟਰੇਟਸ ਅਤੇ ਖਣਿਜ ਮਿਸ਼ਰਨ ਬਿੱਲ-2018 ਦਾ ਨੋਟੀਫਿਕੇਸ਼ਨ ਜਾਰੀ ਕਰਨ ਤੋਂ ਤਿੰਨ ਮਹੀਨਿਆਂ ਦੇ ਅੰਦਰ ਪਸ਼ੂ ਚਾਰਾ ਬਣਾਉਣ ਵਾਲੇ ਅਤੇ ਵੇਚਣ ਵਾਲਿਆਂ ਨੂੰ ਰਜਿਸਟਰੇਸ਼ਨ ਕਰਵਾਉਣੀ ਪਵੇਗੀ। ਇਸ ਤੋਂ ਬਾਅਦ ਪਸ਼ੂ ਚਾਰੇ ਦੀ ਗੁਣਵੱਤਾ ਨਾਲ ਖਿਲਵਾੜ ਕਰਨ ਵਾਲਿਆਂ ਵਿਰੁੱਧ ਸੂਬਾ ਸਰਕਾਰ ਵੱਲੋਂ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾ ਸਕੇਗੀ।

### ਇਹ ਪਵੇਗਾ ਅਸਰ

- ★ ਇਸ ਬਿੱਲ ਦੇ ਪਾਸ ਹੋਣ ਤੋਂ ਬਾਅਦ, ਹੁਣ ਸੂਬੇ ਵਿੱਚ ਗੈਰ-ਰਜਿਸਟਰਡ ਪਸ਼ੂ-ਖੁਰਾਕ ਨਿਰਮਾਣ ਇਕਾਈਆਂ ਨਹੀਂ ਲੱਗ ਸਕਣਗੀਆਂ।
- ★ ਪਸ਼ੂ ਖੁਰਾਕ ਵਿੱਚ ਕਿਹੜੀ-ਕਿਹੜੀ ਸਮੱਗਰੀ ਇਸਤੇਮਾਲ ਕੀਤੀ ਗਈ ਹੈ? ਨਵੇਂ ਕਾਨੂੰਨ ਤੋਂ ਬਾਅਦ ਇਸ ਬਾਰੇ ਦੱਸਣਾ ਲਾਜ਼ਮੀ ਹੋਵੇਗਾ।
- ★ ਜੇਕਰ ਪਸ਼ੂ ਖੁਰਾਕ ਨਾਲ ਪਸ਼ੂਆਂ ਦਾ ਨੁਕਸਾਨ ਹੋਇਆ ਤਾਂ ਕਾਰਵਾਈ ਕਰਨ ਦਾ ਅਧਿਕਾਰ ਹੁਣ ਸੂਬਾ ਸਰਕਾਰ ਕੋਲ ਹੋਵੇਗਾ।
- ★ ਇਸ ਬਿੱਲ ਦੇ ਪਾਸ ਹੋਣ ਤੋਂ ਬਾਅਦ, ਹੁਣ ਪਸ਼ੂਆਂ ਦੀ ਖੁਰਾਕ ਦੇ ਉਤਪਾਦਨ, ਵੰਡ, ਸਟੋਰੇਜ ਤੇ ਵਿਕਰੀ 'ਤੇ ਸਖ਼ਤ ਨਿਗਰਾਨੀ ਰੱਖੀ ਜਾ ਸਕੇਗੀ।
- ★ ਮਿਸ਼ਰਤ ਪਸ਼ੂਆਂ ਦੀ ਖੁਰਾਕ, ਗਾੜ੍ਹਾਪਣ ਅਤੇ ਖਣਿਜ ਮਿਸ਼ਰਣਾਂ ਦੀ ਗੁਣਵੱਤਾ ਨਿਯੰਤਰਣ 'ਤੇ ਖਾਸ ਜ਼ੋਰ ਦਿੱਤਾ ਜਾਵੇਗਾ।

### ਇਸ ਲਈ ਲਿਆਂਦਾ ਗਿਆ ਸੀ ਬਿੱਲ

ਪੰਜਾਬ ਡੇਅਰੀ ਉਤਪਾਦਨ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ। ਪੰਜਾਬ 13,911 ਮਿਲੀਅਨ ਟਨ ਦੇ ਦੁੱਧ ਉਤਪਾਦਨ ਦੇ ਨਾਲ ਭਾਰਤ ਵਿੱਚ 7ਵੇਂ ਸਥਾਨ 'ਤੇ ਹੈ ਅਤੇ ਪ੍ਰਤੀ ਵਿਅਕਤੀ ਦੁੱਧ ਦੀ ਉਪਲੱਬਧਤਾ ਵਿੱਚ ਰਾਸ਼ਟਰੀ ਔਸਤ ਤੋਂ ਬਹੁਤ ਅੱਗੇ ਹੈ। ਪਰ ਮਾੜੀ ਗੁਣਵੱਤਾ ਵਾਲੀ ਫੀਡ ਕਿਸਾਨਾਂ ਨੂੰ ਕਾਫੀ ਨੁਕਸਾਨ ਪਹੁੰਚਾ ਰਹੀ ਸੀ। ਇਸੇ ਲਈ ਸੰਨ 2018 ਵਿੱਚ ਨਵਾਂ ਬਿੱਲ ਪੇਸ਼ ਕੀਤਾ ਗਿਆ। ਇਹ ਬਿੱਲ ਲੰਬੇ ਸਮੇਂ ਤੱਕ ਕੇਂਦਰ ਸਰਕਾਰ ਕੋਲ ਰੁਕਿਆ ਰਿਹਾ, ਕਿਉਂਕਿ ਕੇਂਦਰ ਇਸ ਨੂੰ ਫੂਡ ਸੇਫਟੀ ਐਕਟ ਤਹਿਤ ਮੰਨਦਾ ਸੀ। ਕੇਂਦਰ ਦੀ ਦਲੀਲ ਸੀ ਕਿ ਕਿਉਂਕਿ ਦੁੱਧ ਵੀ ਖੁਰਾਕੀ ਪਦਾਰਥ ਹੈ, ਇਸ ਲਈ ਇਸ ਦੇ ਉਤਪਾਦਨ ਵਿੱਚ ਇਸਤੇਮਾਲ ਹੋਣ ਵਾਲੇ ਇਨਪੁਟਸ ਵੀ ਇਸ ਸ਼੍ਰੇਣੀ ਵਿੱਚ ਆਉਣਗੇ। ਕੇਂਦਰ ਅਤੇ ਸੂਬਾ ਸਰਕਾਰ ਵਿਚਕਾਰ ਲੰਬੇ ਪੱਤਰ ਵਿਹਾਰ ਤੋਂ ਬਾਅਦ ਆਖਰਕਾਰ ਬਿੱਲ ਰਾਸ਼ਟਰਪਤੀ ਨੂੰ ਭੇਜਿਆ ਗਿਆ।

## ਸੋਨਾਲੀਕਾ ਨੇ ਅਪ੍ਰੈਲ-ਨਵੰਬਰ 2025 ਦੌਰਾਨ 1,26,162 ਟਰੈਕਟਰ ਵੇਚੇ




ਸੋਨਾਲੀਕਾ ਟਰੈਕਟਰ ਨੇ ਅਪ੍ਰੈਲ-ਨਵੰਬਰ 2025 ਦੀ ਮਿਆਦ ਵਿੱਚ 1,26,162 ਟਰੈਕਟਰਾਂ ਦੀ ਵਿਕਰੀ ਨਾਲ ਹੁਣ ਤੱਕ ਦੀ ਸਭ ਤੋਂ ਵੱਧ 'ਈਅਰ ਟੂ ਡੇਟ ਸੇਲ' ਦਾ ਰਿਕਾਰਡ ਤੋੜ ਪ੍ਰਦਰਸ਼ਨ ਕੀਤਾ ਹੈ। ਇਹ ਅਸਾਧਾਰਣ ਪ੍ਰਦਰਸ਼ਨ ਸੋਨਾਲੀਕਾ ਦੀ ਮਜ਼ਬੂਤ ਅਗਵਾਈ ਅਤੇ ਭਾਰਤ ਤੇ ਗਲੋਬਲ ਸਿਨੇਰਿਓ ਵਿੱਚ ਖੇਤੀਬਾੜੀ ਮਸ਼ੀਨੀਕਰਨ ਨੂੰ ਰਫਤਾਰ ਦੇਣ ਵਿੱਚ ਉਸ ਦੀ ਮਹੱਤਵਪੂਰਨ ਭੂਮਿਕਾ ਨੂੰ ਦਰਸਾਉਂਦਾ ਹੈ। ਇੰਟਰਨੈਸ਼ਨਲ ਟਰੈਕਟਰਜ਼ ਲਿਮਟਿਡ ਦੇ ਜੁਆਇੰਟ ਮੈਨੇਜਿੰਗ ਡਾਇਰੈਕਟਰ ਰਮਨ ਮਿੱਤਲ ਨੇ ਕਿਹਾ, 'ਖੇਤੀਬਾੜੀ ਦਾ ਭਵਿੱਖ ਉਨ੍ਹਾਂ ਸਾਰਿਆਂ ਦਾ ਹੈ, ਜੋ ਉਦੇਸ਼ਪੂਰਨ ਇਨੋਵੇਸ਼ਨ ਕਰਦੇ ਹਨ ਅਤੇ ਅਸੀਂ ਸਮਾਰਟ ਖੇਤੀਬਾੜੀ ਹੱਲ ਵਿਕਸਿਤ ਕਰਨ ਅਤੇ ਲਗਾਤਾਰ ਨਿਵੇਸ਼ ਲਈ ਵਚਨਬੱਧ ਹਾਂ। ਭਾਰਤ ਵਿੱਚ ਮਸ਼ੀਨੀਕਰਨ ਤੇਜ਼ੀ ਨਾਲ ਵੱਧ ਰਿਹਾ ਹੈ ਅਤੇ ਜੀ. ਐਸ. ਟੀ. ਕਟੌਤੀ, ਐਮ. ਐਸ. ਪੀ. ਵਿੱਚ ਵਾਧੇ ਨਾਲ ਕਿਸਾਨਾਂ ਦਾ ਆਧੁਨਿਕ ਟਰੈਕਟਰ ਅਤੇ ਸਮਾਰਟ ਉਪਕਰਣ ਅਪਨਾਉਣ ਦਾ ਵਿਸ਼ਵਾਸ ਵਧਿਆ ਹੈ।"




ਓਕਲਾਹੋਮਾ : ਦੁਨੀਆਂ ਦੀ ਸਭ ਤੋਂ ਲੰਬੀ ਜੀਭ ਵਾਲੇ ਕੁੱਤੇ ਨੂੰ ਚੁੰਮਦੀ ਉਸ ਦੀ ਮਾਲਕਨ। ਇਸ ਦੀ ਜੀਭ ਦੀ ਲੰਬਾਈ ਲਗਭਗ 8 ਇੰਚ ਹੈ।

ਖੇਤੀ ਦੁਨੀਆਂ
ਚੰਦਿਆਂ 'ਤੇ ਵਿਸ਼ੇਸ਼ ਛੂਟ
ਇੱਕ ਸਾਲ ਲਈ 400/- ਰੁਪਏ
ਦੋ ਸਾਲ ਲਈ 700/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ ਸਾਲਾਨਾ ਚੰਦਾ
ਸਿਰਫ 100/-* ਰੁਪਏ
KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com